ੴ ਸਤਿਨਾਮ ਸ੍ਰੀ ਵਾਹਿਗੁਰੂ

# ਬਾਬਾ ਵਿਰਸਾ ਸਿੰਘ ਜੀ

## ਵਲੋਂ

## ਸਾਰੇ ਲੋਕਾਂ ਅਤੇ ਸੰਗਤਾਂ ਨੂੰ

# ਅਪੀਲ



ਗੋਬਿੰਦ ਸਦਨ
ਇੰਸਟੀਚਿਊਟ ਫਾਰ ਐਡਵਾਂਸਡ ਸਟਡੀਜ਼
ਇਨ ਕੰਪੈਰੇਟਿਵ ਰਿਲੀਜਨਜ਼
ਗਦਾਈਪੁਰ, ਮਹਿਰੌਲੀ, ਨਵੀਂ ਦਿਲੀ-110030




ਸ੍ਰੀ ਗੁਰੂ ਗੋਬਿੰਦ ਸਿੰਘ ਜੀ

# ਗੁਰਦੁਆਰਿਆਂ ਵਿਚ ਕੁਰੀਤੀਆਂ ਦਾ ਜਨਮ ਤੇ ਵਿਕਾਸ

*ਪ੍ਰੋਫੈਸਰ ਗੁਰਬਚਨ ਸਿੰਘ (ਐਡੀਟਰ)*

ਹਰ ਸਿੱਖ ਦਾ ਗੁਰਦੁਆਰੇ ਨਾਲ ਸਰੀਰ ਤੇ ਆਤਮਾ ਦਾ ਸਬੰਧ ਹੈ। ਸਿੱਖ ਸੰਸਾਰ ਵਿਚ ਜਿਥੇ ਵੀ ਗਿਆ, ਉਥੇ ਹੀ ਉਸਨੇ ਆਪਣਾ ਆਤਮਕ ਕੇਂਦਰ ਗੁਰਦੁਆਰਾ ਸਥਾਪਤ ਕਰਨ ਦਾ ਯਤਨ ਕੀਤਾ ਜਿਸ ਕਾਰਨ ਸੰਸਾਰ ਦੇ ਬਹੁਤ ਸਾਰੇ ਦੇਸ਼ਾਂ, ਖਾਸ ਕਰਕੇ ਇੰਗਲੈਂਡ, ਕੀਨੀਆ (ਅਫਰੀਕਾ), ਅਸਟਰੇਲੀਆ, ਅਮਰੀਕਾ ਅਤੇ ਕੈਨੇਡਾ ਦੇ ਬਹੁਤ ਸਾਰੇ ਸ਼ਹਿਰਾਂ ਵਿਚ ਕਈ ਕਈ ਗੁਰਦੁਆਰੇ ਇਕੋ ਸ਼ਹਿਰ ਵਿਚ ਸਥਾਪਤ ਹੋਏ ਦਿਖਾਈ ਦੇ ਰਹੇ ਹਨ। ਭਾਵੇਂ ਗੁਰਦੁਆਰੇ ਸਰਬ ਸਾਂਝੇ ਮੰਨੇ ਜਾਂਦੇ ਹਨ ਪਰ ਦੂਸਰੇ ਧਰਮਾਂ ਨੂੰ ਮੰਨਣ ਵਾਲਿਆ ਲਈ ਗੁਰਦੁਆਰੇ ਅਨੋਖੇ ਤੇ ਵਖਰੇ ਰੂਪ ਵਿਚ ਦਿਖਾਈ ਦੇਂਦੇ ਹਨ ਕਿਉਂਕਿ ਇਹਨਾਂ ਵਿਚ ਪੂਜਾ, ਪਾਠ, ਕੀਰਤਨ, ਕਥਾ ਆਦਿ ਦੂਜੇ ਧਰਮਾਂ ਅਥਵਾ ਮਜ਼ਹਬਾਂ ਦੇ ਧਾਰਮਿਕ ਅਸਥਾਨਾਂ ਨਾਲੋਂ ਵਖਰੇ ਤੇ ਅਨੋਖੇ ਹਨ, ਉਥੇ ਸਿੱਖ ਧਰਮ ਅਸਥਾਨਾਂ ਦੀ ਆਪਣੀ ਹੀ ਕਿਸਮ ਦੀ ਅਨੋਖੀ ਵਿਸ਼ੇਸ਼ਤਾ ਹੈ। ਹਰ ਗੁਰਦੁਆਰੇ ਵਿਚ ਭੋਗ ਸਮੇਂ ਪ੍ਰਸ਼ਾਦਿ (ਕੜਾਹ ਪ੍ਰਸ਼ਾਦਿ) ਵੰਡਣਾ ਤੇ ਫਿਰ ਲੰਗਰ ਦਾ ਚਾਲੂ ਹੋਣਾ ਪਛਮੀ ਦੁਨੀਆਂ ਦੇ ਲੋਕਾਂ ਲਈ ਬੜਾ ਹੀ ਅਨੋਖਾ ਹੈ। ਇਹੀ ਕਾਰਨ ਹੈ ਕਿ ਸਿੱਖ ਗੁਰਦੁਆਰਾ, ਈਸਾਈ ਚਰਚ, ਮੁਸਲਿਮ ਮਸਜਿੱਦ ਤੇ ਹਿੰਦੂ ਮੰਦਰ ਨਾਲੋਂ ਆਪਣੀ ਵਖਰੀ ਵਿਸ਼ੇਸਤਾ ਰਖਦਾ ਹੈ। ਜਿਸ ਕਾਰਨ ਪਰਦੇਸ਼ਾਂ ਵਿਚ ਵਸਦੇ ਸਿੱਖਾਂ ਨੂੰ ਇਹ ਆਮ ਸਵਾਲ ਕੀਤਾ ਜਾਂਦਾ ਹੈ ਕਿ ਗੁਰਦੁਆਰਾ ਕਿਸ ਨੂੰ ਕਹਿੰਦੇ ਹਨ? ਇਸ ਦਾ ਉਤਰ ਦੂਜਿਆਂ ਨੂੰ ਸਮਝਾਉਣ ਲਈ ਆਮ ਤੌਰ ਤੇ ਇਹੀ ਜਵਾਬ ਦਿਤਾ ਜਾਂਦਾ ਹੈ ਕਿ ਇਹ ਇਕ ਸਿੱਖ ਟੈਂਪਲ ਹੈ ਜਦ ਕਿ ਗੁਰਦੁਆਰੇ ਦੀ ਸਭ ਤੋਂ ਵੱਡੀ ਵਿਸ਼ੇਸਤਾ ਹੈ ਕਿ ਇਥੇ ਜੁਗੋ ਜੁੱਗ ਅਟੱਲ ਸ਼ਬਦ ਗੁਰੂ ਦੇ ਰੂਪ

ਵਿਚ ਦਸਾਂ ਪਾਤਿਸ਼ਾਹੀਆਂ ਦੀ ਜੋਤ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਦਾ ਰਹਿਣ ਵਾਲੇ ਇਲਾਹੀ ਨੂਰ, ਜਾਗਤ ਜੋਤ ਜਿਊਂਦੇ ਜਾਗਦੇ ਹਾਜ਼ਰ ਹਜ਼ੂਰ ਗੁਰੂ ਦੇ ਰੂਪ ਵਿਚ ਮੰਨਿਆ, ਸਤਿਕਾਰਿਆ ਤੇ ਪੂਜਿਆ ਜਾਂਦਾ ਹੈ। ਇਸ ਵਿਚੋਂ ਲੀਤਾ ਗਿਆ ਹੁਕਮ ਅਰਥਾਤ ਵਾਕਿ ਜਿਊਂਦੇ ਜਾਗਦੇ ਗੁਰੂ ਦਾ ਇਲਾਹੀ ਫੁਰਮਾਨ ਸਮਝਿਆ ਤੇ ਮੰਨਿਆ ਜਾਂਦਾ ਹੈ ਜਿਸ ਦਾ ਅਰੰਭ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਸਮੇਂ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਬਾਬਾ ਬੁਢਾ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪਾਦਕ ਦੇ ਲੇਖਕ ਪੰਚਮ ਪਾਤਿਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਸਾਹਿਬ ਜੀ ਦੀਆਂ ਹਦਾਇਤਾਂ ਅਨੁਸਾਰ ਕੀਤਾ। ਇਸ ਪਹਿਲੇ ਹੁਕਮ ਦਾ ਜੋ ਸ਼ਬਦ ਸੀ ਉਸ ਦਾ ਵਰਨਣ ਸਿੱਖ ਇਤਹਾਸ ਵਿਚ ਮਿਲਦਾ ਹੈ ਕਿ

*ਸੂਹੀ ਮਹਲਾ ੫*

*ਸੰਤਾ ਕੇ ਕਾਰਜਿ ਆਪਿ ਖਲੋਇਆ*
*ਹਰਿ ਕੰਮੁ ਕਰਾਵਣਿ ਆਇਆ ਰਾਮ॥*
*ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ*
*ਅੰਮ੍ਰਿਤ ਜਲੁ ਛਾਇਆ ਰਾਮ॥*
*ਅੰਮ੍ਰਿਤ ਜਲੁ ਛਾਇਆ ਪੂਰਨ*
*ਸਾਜੁ ਕਰਾਇਆ ਸਗਲ ਮਨੋਰਥ ਪੂਰੇ॥*
*ਜੈ ਜੈ ਕਾਰੁ ਭਇਆ ਜਗ ਅੰਤਰਿ*
*ਲਾਥੇ ਸਗਲ ਵਿਸੂਰੇ॥*
*ਪੂਰਨ ਪੁਰਖ ਅਚੁਤ ਅਬਿਨਾਸੀ*
*ਜਸੁ ਵੇਦ ਪੁਰਾਣੀ ਗਾਇਆ॥*
*ਅਪਨਾ ਬਿਰਦੁ ਰਖਿਆ ਪਰਮੇਸਰਿ*
*ਨਾਨਕ ਨਾਮੁ ਧਿਆਇਆ॥੧॥*

*(ਗੁਰੂ ਗ੍ਰੰਥ ਸਾਹਿਬ ਪੰਨਾ ੭੮੩)*

ਪੰਚਮ ਨਾਨਕ ਸਾਹਿਬ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਬਾਬਾ ਬੁਢਾ ਜੀ ਨੂੰ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਪਹਿਲੇ ਗ੍ਰੰਥੀ ਥਾਪਿਆ ਕਿਉਂਕਿ ਗ੍ਰੰਥੀ ਲਈ ਇਹ ਜ਼ਰੂਰੀ ਕਰਾਰ ਦਿਤਾ ਗਿਆ ਕਿ

ਜਦ ਤਕ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਵੇ ਉਹ ਗੁਰੂ ਮਹਾਰਾਜ ਜੀ ਦੀ ਹਜ਼ੂਰੀ ਵਿਚ ਰਹੇ ਤਾਂ ਕਿ ਸ਼ਰਧਾਲੂਆਂ ਨੂੰ ਵੀ ਮਿਲਿਆ ਜਾ ਸਕੇ। ਹਰਿਮੰਦਰ ਸਾਹਿਬ ਅੰਮ੍ਰਿਤਸਰ ਅਤੇ ਹੋਰ ਬਹੁਤ ਸਾਰੇ ਗੁਰਦੁਆਰਿਆਂ ਵਿਚ ਜਿਥੇ ਸੰਗਤ ਦੀ ਆਵਾਜਾਈ ਆਮ ਰਹਿੰਦੀ ਹੈ ਇਕ ਤੋਂ ਵੱਧ ਲੋੜ ਅਨੁਸਾਰ ਗ੍ਰੰਥੀਆਂ ਦੀ ਨਿਯੁਕਤੀ ਕੀਤੀ ਜਾਂਦੀ ਹੈ।

ਗੁਰਦੁਆਰੇ ਦਾ ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ ਆਮ ਲਿਖਿਆ ਹੋਇਆ ਮਿਲਦਾ ਹੈ ਕਿ ਜਿਸ ਵਿਚ ਗੁਰੂ ਮਹਾਰਾਜ ਜੀ ਇਸ ਸ਼ਬਦ ਦੇ ਭਾਵ ਨੂੰ ਥਾਂ ਥਾਂ ਉਜਾਗਰ ਕਰਦੇ ਹਨ ਕਿ

*"ਭਾਂਡਾ ਹਛਾ ਸੋਇ ਜੋ ਤਿਸੁ ਭਾਵਸੀ।।*
*ਭਾਂਡਾ ਅਤਿ ਮਲੀਣੁ ਧੋਤਾ ਹਛਾ ਨ ਹੋਇਸੀ।।*
*ਗੁਰੂਦੁਆਰੈ ਹੋਇ ਸੋਝੀ ਪਾਇਸੀ।।*
*ਏਤੁ ਦੁਆਰੈ ਧੋਇ ਹਛਾ ਹੋਇਸੀ।।*

ਗੁਰਦੁਆਰੇ ਦਾ ਸ਼ਬਦ ਦੋ ਸ਼ਬਦਾਂ ਗੁਰੂ ਅਤੇ ਦੁਆਰ ਤੋਂ ਬਣਦਾ ਹੈ ਜਿਸ ਦਾ ਅਰਥ ਗੁਰੂ ਦਾ ਦਰ ਜਾਂ ਦਰਵਾਜ਼ਾ ਅਥਵਾ ਘਰ ਕੀਤਾ ਜਾਂਦਾ ਹੈ। ਕਈ ਵਿਦਵਾਨ ਇਸ ਦਾ ਅਰਥ ਗੁਰੂ ਰਾਹੀਂ ਵੀ ਕਰਦੇ ਹਨ। ਗੁਰਬਾਣੀ ਵਿਚ ਕਈ ਥਾਵਾਂ ਤੇ ਇਸ ਸ਼ਬਦ ਦੀ ਵਰਤੋਂ ਇਹੋ ਜਹੇ ਪਵਿਤਰ ਅਸਥਾਨ ਲਈ ਕੀਤੀ ਗਈ ਹੈ ਜਿਥੇ ਗੁਰੂ ਦੇ ਦਰਸਾਏ ਹੋਏ ਮਾਰਗ ਅਨੁਸਾਰ ਵਾਹਿਗੁਰੂ ਅਕਾਲ ਪੁਰਖ ਨਾਲ ਮਿਲਣ ਲਈ ਲਿਵ ਲਗਾਉਣ ਦੀ ਸੋਝੀ ਪੈਂਦੀ ਹੈ।

*"ਗੁਰਦੁਆਰੈ ਨਾਉ ਪਾਈਐ,*
*ਬਿਨੁ ਸਤਿਗੁਰ ਪਲੈ ਨ ਪਾਇ।।*
*ਸਤਿਗੁਰ ਕੈ ਭਾਣੈ ਮਨਿ ਵਸੈ,*
*ਤਾਂ ਅਹਿਨਿਸ ਲਿਵ ਲਾਇ।।*

ਗੁਰਦੁਆਰੇ ਵਿਚ ਲਿਵ ਲਗਾਉਣ ਲਈ ਕਿਹੜੇ ਨਾਮ ਦੀ ਪਰਾਪਤੀ ਹੁੰਦੀ ਹੈ? ਇਸ ਸਬੰਧੀ ਗੁਰੂ ਨਾਨਕ ਸਾਹਿਬ ਜੀ ਦਸਦੇ ਹਨ ਕਿ

"ਗਿਆਨੁ ਧਿਆਨੁ ਲੇ ਸਮਸਰਿ ਰਹੈ।।
ਗੁਰਮੁਖਿ ਏਕੁ ਵਿਰਲਾ ਕੋ ਲਹੈ।।
ਜਿਸ ਨੋ ਦੇਇ ਕਿਰਪਾ ਤੇ ਸੁਖੁ ਪਾਇ।।
ਗੁਰਦੁਆਰੈ ਆਖਿ ਸੁਣਾਇ।।

ਤੀਸਰੇ ਪਾਤਿਸ਼ਾਹ ਗੁਰੂ ਅਮਰਦਾਸ ਜੀ ਮਹਾਰਾਜ ਆਪਣੀ ਬਾਣੀ ਆਨੰਦ ਸਾਹਿਬ ਵਿਚ ਬੜੀ ਸੁੰਦਰਤਾ ਨਾਲ ਗੁਰਦੁਆਰੇ ਨੂੰ ਦਸਵੇਂ ਦੁਆਰ ਦੀ ਪ੍ਰਾਪਤੀ ਦਾ ਅਸਥਾਨ ਦਸਦੇ ਹਨ ਕਿ

ਵਜਾਇਆ ਵਾਜਾ ਪਉਣ ਨਉ ਦੁਆਰੇ
ਪ੍ਰਗਟੁ ਕੀਏ ਦਸਵਾਂ ਗੁਪਤੁ ਰਖਾਇਆ।।
ਗੁਰਦੁਆਰੈ ਲਾਇ ਭਾਵਨੀ
ਇਕਨਾ ਦਸਵਾਂ ਦੁਆਰ ਦਿਖਾਇਆ।।

ਭਾਈ ਸਾਹਿਬ ਭਾਈ ਕਾਨ੍ਹ ਸਿੰਘ ਜੀ ਨਾਭਾ ਆਪਣੀ ਪੁਸਤਕ "ਮਹਾਨ ਕੋਸ਼" ਵਿਚ ਗੁਰਦੁਆਰੇ ਸਬੰਧੀ ਲਿਖਦੇ ਹਨ ਕਿ ਗੁਰਦੁਆਰਾ; ਗੁਰੂ ਦਾ ਦੁਆਰ; ਗੁਰੂ ਦਾ ਘਰ; ਸਿੱਖਾਂ ਦਾ ਧਰਮ ਮੰਦਰ ਹੈ; ਗੁਰੂ ਨਾਨਕ ਸਾਹਿਬ ਤੋਂ ਗੁਰੂ ਅਰਜਨ ਸਾਹਿਬ ਜੀ ਦੇ ਸਮੇਂ ਤਕ ਇਸ ਪਵਿਤਰ ਅਸਥਾਨ ਦਾ ਨਾਮ ਧਰਮਸਾਲ ਪਰਸਿੱਧ ਸੀ ਪਰ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਤੋਂ ਹੁਣ ਤਕ ਇਸ ਅਸਥਾਨ ਦਾ ਨਾਮ ਗੁਰਦੁਆਰਾ ਕਰਕੇ ਪ੍ਰਸਿੱਧ ਕਰਿਆ ਜਾ ਰਿਹਾ ਹੈ। ਗੁਰਦੁਆਰਿਆਂ ਉਹ ਹੋਇਆ ਕਰਦਾ ਜੋ ਵਿਦ੍ਵਾਨ ਗੁਰਮਤਿ ਵਿਚ ਪੱਕਾ ਅਤੇ ਉੱਚੇ ਆਚਰਣ ਵਾਲਾ ਹੁੰਦਾ ਹੈ। ਗੁਰਦੁਆਰਾ ਵਿਦਿਆਰਥੀਆਂ ਲਈ ਸਕੂਲ; ਆਤਮ ਜਗਿਯਾਸੂਆਂ ਲਈ ਗਿਆਨ ਉਪਦੇਸ਼ਕ ਆਚਾਰੀਆ, ਰੋਗੀਆਂ ਲਈ ਸ਼ਫਾਖਾਨਾ; ਭੁਖਿਆਂ ਲਈ ਅੰਨਪੂਰਣਾ; ਇਸਤ੍ਰੀ ਜਾਤ ਲਈ ਲੋਹ ਮਈ ਦੁਰਗ; ਮੁਸਾਫਰਾਂ ਲਈ ਵਿਸ਼ਰਾਮ ਘਰ ਹੈ"।

ਸਮੁਚੇ ਰੂਪ ਵਿਚ ਗੁਰਦੁਆਰਾ ਇਕ ਅਧਿਆਤਮਕ ਸਕੂਲ; ਕਾਲਜ ਜਾਂ ਯੂਨੀਵਰਸਿਟੀ ਹੈ ਜਿਥੇ ਹਰ ਪ੍ਰਾਣੀ ਨੂੰ ਬਿਨਾ ਕਿਸੇ ਜ਼ਾਤ-ਪਾਤ ਅਥਵਾ ਲਿੰਗ ਦੇ ਵਿਤਕਰੇ ਦੇ ਆਤਮਕ, ਮਾਨਸਿਕ, ਆਰਥਿਕ ਅਥਵਾ ਰਾਜਨੀਤਕ ਅਗਵਾਈ ਪ੍ਰਾਪਤ ਹੁੰਦੀ ਹੈ ਤਾਂ ਕਿ ਹਰ ਮਨੁਖ

ਸਮਾਨਤਾ, ਬਰਾਬਰਤਾ, ਸਾਂਝੀਵਾਲਤਾ ਅਤੇ ਭਾਈਵਾਲਤਾ ਦਾ ਪਿਆਰ ਭਰਪੂਰ ਸੱਚ ਦਾ ਸੁਨੇਹਾ ਰੱਬੀ ਕਲਾਮ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੁਆਰਾ ਪ੍ਰਾਪਤ ਕਰ ਸਕੇ। ਸੰਸਾਰ ਦੇ ਸਭਨਾਂ ਗੁਰਦੁਆਰਿਆਂ ਦੇ ਅਗਵਾਈ ਕੇਂਦਰ ਹਰਿਮੰਦਰ ਸਾਹਿਬ (ਗੋਲਡਨ ਟੈਂਪਲ) ਅੰਮ੍ਰਿਤਸਰ ਵਿਚ ਗੁਰਮਰਯਾਦਾ ਕਾਇਮ ਕਰਨ ਲਈ ਕਲਗੀਧਰ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ੧੬੯੯ ਦੀ ਵਿਸਾਖੀ ਤੇ ਜਿਥੇ ਖਾਲਸਾ ਪੰਥ ਦੀ ਸਿਰਜਨਾ ਕੀਤੀ ਉਥੇ ਉਸੇ ਹੀ ਸਾਲ ਭਾਈ ਮਨੀ ਸਿੰਘ ਜੀ ਦੀ ੧੭ਵੀਂ-੧੮ਵੀਂ ਸਦੀ ਵਿਚ ਕਾਇਮ ਕੀਤੀ ਗਈ ਗੁਰਮਰਯਾਦਾ ਹੁਣ ਤਕ ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਲਾਗੂ ਹੈ ਜਿੱਥੇ ਹਰ ਗੁਰਦੁਆਰਾ ਹਰ ਸਮੇਂ ਅਗਵਾਈ ਲੈਂਦਾ ਆ ਰਿਹਾ ਹੈ। ਸੰਨ ੧੬੯੫ ਈਸਵੀ ਸੋਢੀ ਹਰੀ ਸਿੰਘ ਮਰ ਗਿਆ। ਅੰਮ੍ਰਿਤਸਰ ਦੀ ਸੰਗਤ ਦੀ ਬੇਨਤੀ ਸੁਣ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮਨੀ ਸਿੰਘ ਨੂੰ ਸੇਵਾਦਾਰ ਸਥਾਪਤ ਕਰਕੇ ਭੇਜਿਆ। ਭਾਈ ਮਨੀ ਸਿੰਘ ਜੀ ਅਨੰਦਪੁਰ ਸਾਹਿਬ ਤੋਂ ਇਕ ਨਿਸ਼ਾਨ ਸਾਹਿਬ ਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਇਕ ਬੀੜ ਗੁਰੂ ਗੋਬਿੰਦ ਸਿੰਘ ਜੀ ਤੋਂ ਪ੍ਰਾਪਤ ਕਰਕੇ ਅੰਮ੍ਰਿਤਸਰ ਪੁਜੇ ਸਨ। ਉਹਨਾਂ ਨਾਲ ਗੁਰੂ ਜੀ ਨੇ ਪੰਜ ਸਿੱਖ ਹੋਰ ਘਲੇ ਸਨ।

*"ਪੰਜ ਸਿੱਖ ਗੈਲ ਕੀਏ ਤਿਆਰ।।*
*ਭੂਪਤ ਸਿੰਘ, ਔ ਸਿੰਘ ਗੁਲਜ਼ਾਰ।।*
*ਚੰਦਰਾ ਕੋਇਰ ਸਿੰਘ, ਸਿੰਘ ਦਾਨ।।*
*ਪੰਚਮ ਕਰਤਾਰ ਸਿੰਘ ਸੁਜਾਨ।।*

*(ਸ਼ਹੀਦ ਬਿਲਾਸ ਭਾਈ ਸੇਵਾ ਸਿੰਘ ਜੀ)*

ਭਾਈ ਮਨੀ ਸਿੰਘ ਜੀ ਅਤੇ ਉਹਨਾਂ ਨਾਲ ਅੰਮ੍ਰਿਤਸਰ ਆਏ ਹੋਏ ਪੰਜ ਸਿੰਘਾਂ, ਭਾਈ ਭੂਪਤ ਸਿੰਘ, ਭਾਈ ਗੁਲਜ਼ਾਰ ਸਿੰਘ, ਭਾਈ ਚੰਦਰਾ ਕੋਇਰ ਸਿੰਘ, ਭਾਈ ਦਾਨ ਸਿੰਘ ਤੇ ਭਾਈ ਕਰਤਾਰ ਸਿੰਘ ਜੀ ਨੇ ਗੁਰੂ ਮਹਾਰਾਜ ਜੀ ਦੇ ਹੁਕਮਾਂ ਅਨੁਸਾਰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਤੇ ਪਹਿਲੀ ਵਾਰ ਅੰਮ੍ਰਿਤ ਪਾਨ ਕਰਨ ਦੀ ਮਰਯਾਦਾ ਕਾਇਮ ਕੀਤੀ। ਜਿਹੜੀ ਕਿ ਹੁਣ ਤਕ ਉਥੇ ਚਾਲੂ ਹੈ। ਪ੍ਰਾਚੀਨ ਪੰਥ ਪ੍ਰਕਾਸ਼ ਵਿਚ

ਲਿਖਿਆ ਹੈ ਕਿ, ਭਾਈ ਮਨੀ ਸਿੰਘ ***"ਅਕਾਲ ਬੁੰਗੇ ਤਖਤ ਸੋ ਬੈਠੇ। ਖਤਾਦਾਰ ਕੇ ਕੰਨ ਸੋ ਐਠੇ।।"*** ਮਰਯਾਦਾ ਤੋੜਨ ਵਾਲਿਆਂ ਨੂੰ ਸਜ਼ਾ ਦਿੰਦੇ ਸਨ। ਇਸੇ ਤਰ੍ਹਾਂ ਦਰਬਾਰ ਸਾਹਿਬ, ਅੰਮ੍ਰਿਤਸਰ ਅਤੇ ਸ੍ਰੀ ਅਕਾਲ ਤੁਖ਼ਤ ਸਾਹਿਬ ਜੀ ਦੇ ਪਾਵਨ ਅਸਥਾਨਾਂ ਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਸਮੇਂ ਤੋਂ ਸੁਖਾਸਨ ਤਕ ਪੂਜਾ ਪਾਠ ਅਥਵਾ ਕੀਰਤਨ ਦੀ ਜੋ ਮਰਯਾਦਾ ਸਥਾਪਤ ਕੀਤੀ ਗਈ ਸੀ ਉਹ ਹੁਣ ਤਕ ਸੰਸਾਰ ਭਰ ਦੇ ਗੁਰਦੁਆਰਿਆ ਨੂੰ ਅਗਵਾਈ ਦੇਂਦੀ ਆ ਰਹੀ ਹੈ। ਇਥੇ ਹਰ ਸਮੇਂ ਹਰ ਯਾਤਰੂ ਨੂੰ ਬਿਨਾ ਕਿਸੇ ਵਿਤਕਰੇ ਦੇ ਗੁਰੂ ਜੀ ਦੀ ਬਖ਼ਸ਼ਿਸ ਦੇ ਰੂਪ ਵਿਚ ਗੁਰੂ ਨਾਨਕ ਸਾਹਿਬ ਜੀ ਵਲੋਂ ਧੁਰ ਦਰਗਾਹ ਤੋਂ ਲਿਆਂਦਾ ਹੋਇਆ ਪ੍ਰਸ਼ਾਦਿ ਦਿਤਾ ਜਾਂਦਾ ਹੈ ਤਾ ਕਿ ਹਰ ਪ੍ਰਾਣੀ ਦੇ ਮੰਨ ਵਿਚੋਂ ਨਫ਼ਰਤ ਦੀ ਕੁੱੜਤਣ ਨੂੰ ਦੂਰ ਕਰਕੇ ਪਿਆਰ ਦੀ ਮਿਠਾਸ ਭਰੀ ਜਾ ਸਕੇ ਭਾਵੇਂ ਅਜ ਕਲ ਕੁਰੀਤੀਆਂ ਦੇ ਕਾਰਨ ਬਹੁਤ ਸਾਰੇ ਗੁਰਦੁਆਰਿਆਂ ਵਿਚ ਸਾਡੇ ਆਪਸੀ ਝਗੜਿਆ ਕਾਰਨ ਹੋ ਇਸਦੇ ਬਿਲਕੁਲ ਉਲਟ ਹੋ ਰਿਹਾ ਹੈ। ਜਿਸ ਕਾਰਨ ਹਰ ਸਿੱਖ ਦੇ ਮੰਨ ਅੰਦਰ ਵਿਚ ਸਵਾਲ ਉਭਰਨਾ ਇਕ ਕੁਦਰਤੀ ਗਲ ਹੈ ਕਿ ਇਹ ਕੁਰੀਤੀਆਂ ਸਾਡੇ ਪ੍ਰਾਣਾਂ ਤੋਂ ਵੀਂ ਪਿਆਰੇ ਗੁਰਦੁਆਰਿਆ ਵਿਚ ਆ ਕਿਥੋਂ ਗਈਆਂ?

ਗੁਰੂ ਕਲਗੀਧਰ ਪਿਤਾ ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ ਤੋਂ ਪਿਛੋਂ ਬਾਬਾ ਬੰਦਾ ਸਿੰਘ ਜੀ ਬਹਾਦੁਰ ਦੀ ਅਗਵਾਈ ਵਿਚ ਸਿੱਖਾਂ ਨੇ ਜੋ ਕਾਰਨਾਮੇ ਭਾਰਤ ਦੇ ਉਤਰ ਪਛਮੀ ਇਲਾਕੇ ਵਿਚ ਦਿਖਾਏ ਉਸਨੇ ਸਾਰੇ ਭਾਰਤ ਦਾ ਧਿਆਨ ਸਿੱਖਾਂ ਦੀ ਬਹਾਦਰੀ, ਦਲੇਰੀ, ਸੂਰਬੀਰਤਾ, ਸ਼ਹਿਣਸ਼ੀਲਤਾ, ਸਿੱਦਕ ਤੇ ਭਰੋਸੇ ਦੇ ਕਾਰਨ ਜਾਨਣ ਵਲ ਖਿੱਚ ਲਿਆ ਖਾਸ ਕਰਕੇ ਬਾਬਾ ਬੰਦਾ ਸਿੰਘ ਜੀ ਬਹਾਦੁਰ ਤੇ ਉਹਨਾਂ ਦੇ ਸਾਥੀ ਸਿੰਘਾਂ ਦੀਆ ਸ਼ਹੀਦੀਆਂ ਨੇ ਤਾਂ ਭਾਰਤ ਭਰ ਵਿਚ ਸਿੰਘਾਂ ਲਈ ਇਕ ਅਨੋਖੀ ਥਾਂ ਬਣਾ ਲਈ ਜਿਸ ਦਾ ਵਰਨਣ ਉਹਨਾਂ ਅੰਗਰੇਜ਼ ਲਿਖਾਰੀਆਂ ਦੀਆਂ ਲਿਖਤਾਂ ਤੋਂ ਅਜ ਵੀ ਪਰਗਟ ਹੋ ਰਿਹਾ ਹੈ। ਉਸ ਸਮੇਂ ਦਿੱਲੀ ਦੇ ਬਾਦਸ਼ਾਹ ਫਾਰੁਖ ਸੀਅਰ ਦੇ ਦਰਬਾਰ ਵਿਚ ਦੋ ਅਗਰੇਜ਼ ਅਫ਼ਸਰ ਜਾਨ ਸਰਮਨ ਤੇ ਐਡਵਰਡ ਸਟੀਫਸਨ

ਅੰਗਰੇਜ਼ੀ ਸਿਫਾਰਤਖਾਨੇ ਦੇ ਮੈਂਬਰ ਸਨ। ਉਹਨਾਂ ਨੇ ਸਿੰਘਾਂ ਦੀਆਂ ਸ਼ਹੀਦੀਆਂ ਦੇ ਸਬੰਧ ਵਿਚ ਇਕ ਪੱਤਰ ਫੋਰਟ ਵਿਲਿਅਮ ਦੇ ਗਵਰਨਰ ਅਤੇ ਪ੍ਰੈਜ਼ੀਡੈਂਟ ਨੂੰ ਲਿਖਦਿਆਂ ਕਿਹਾ ਕਿ ਹਰ ਰੋਜ਼ ਇਕ ਸੌ ਸਿੱਖਾਂ ਨੂੰ ਕਤਲ ਕੀਤਾ ਜਾਂਦਾ ਸੀ। ਜਿਹੜਾ ਆਦਮੀ ਆਪਣਾ ਧਰਮ ਛੱਡਣਾ ਪਰਵਾਨ ਕਰਦਾ ਸੀ ਉਸ ਲਈ ਜਾਨ ਬਖਸ਼ੀ ਦਾ ਵਾਦਾ ਕੀਤਾ ਜਾਂਦਾ ਹੈ ਪਰ ਆਖਰੀ ਦਮ ਤਕ ਇਕ ਵੀ ਸਿੱਖ ਧਰਮ ਤੋਂ ਨਹੀਂ ਫਿਰਿਆ। ਇਕ ਹੋਰ ਲਿਖਾਰੀ ਅਰਵਨ ਲਿਖਦਾ ਹੈ ਕਿ "ਸਭ ਭਾਰਤੀ ਅਤੇ ਯੂਰੋਪੀਅਨ ਆਲੋਚਕ ਇਹ ਗਲ ਕਹਿਣ ਇਕ ਜ਼ਵਾਨ ਹਨ ਕਿ ਇਨ੍ਹਾਂ ਸਿੱਖਾਂ ਨੇ ਆਪਣੀ ਤਕਦੀਰ ਨੂੰ ਇਕ ਅਨੂਠੇ ਸਬਰ ਅਤੇ ਦ੍ਰਿੜਤਾ ਨਾਲ ਨਿਭਾਇਆ ਅਤੇ ਉਹਨਾਂ ਨੂੰ ਮੌਤ ਦਾ ਕੋਈ ਭੈਅ ਨਹੀਂ ਸੀ। ਉਹ ਜੱਲਾਦ ਨੂੰ ਮੁਕਤੀ ਦਾਤਾ ਕਹਿੰਦੇ ਸਨ ਅਤੇ ਬੜੀ ਖੁਸ਼ੀ ਨਾਲ ਚਾਅ ਨਾਲ ਉਚੀ-ਉਚੀ ਅਵਾਜ਼ ਮਾਰਕੇ ਆਪਣੇ ਜੱਲਾਦ ਨੂੰ ਕਹਿੰਦੇ ਸਨ ਕਿ ਓਏ ਮੁਕਤੀ ਦਾਤੇ ਪਹਿਲਾ ਮੈਨੂੰ ਮਾਰ।।" ਕਈ ਸਿੱਖ ਤਾਂ ਇਕ ਦੂਜੇ ਨਾਲ ਇਸ ਗਲ ਤੋਂ ਝਗੜਾ ਵੀ ਕਰਦੇ ਸਨ ਕਿ ਮਰਨ ਵਿਚ ਪਹਿਲ ਉਸ ਨੂੰ ਮਿਲਣੀ ਚਾਹੀਦੀ ਹੈ। ਬਾਬਾ ਬੰਦਾ ਸਿੰਘ ਜੀ ਬਹਾਦੁਰ ਦੀ ਸ਼ਖਸੀਅਤ ਬਾਰੇ ਇਕ ਮੁਸਲਿਮ ਲਿਖਾਰੀ ਗੁਲਾਮ ਹੁਸੈਨ ਆਪਣੀ ਪੁਸਤਕ "ਸੀਅਰ-ਉਲ-ਮੁਤਾਖਰੀਨ" ਵਿਚ ਇਹ ਲਿਖਦਾ ਹੈ ਕਿ ਜਿਸ ਸਮੇਂ ਬਾਬਾ ਬੰਦਾ ਸਿੰਘ ਜੀ ਬਹਾਦੁਰ ਨੂੰ ਸ਼ਹੀਦ ਕੀਤਾ ਜਾਣ ਲਗਾ ਤਾਂ ਇਕ ਸ਼ਾਹੀ ਅਧਿਕਾਰੀ ਮੁਹੰਮਦ ਅਮੀਰ ਖਾਂ ਉਸਦੇ ਲਾਗੇ ਖੜਾ ਸੀ। ਉਹ ਬਾਬਾ ਜੀ ਦੇ ਉਤਮ ਜੱਲਾਲ ਤੋਂ ਇਤਨਾਂ ਪ੍ਰਭਾਵਤ ਹੋਇਆ ਕਿ ਉਹ ਇਹ ਆਖਣ ਲਈ ਮਜਬੂਰ ਹੋ ਗਿਆ ਕਿ "ਇਹ ਹੈਰਾਨੀ ਵਾਲੀ ਗੱਲ ਹੈ ਕਿ ਉਸ ਮਨੁਖ ਨੇ, ਜਿਸ ਵਿਚ ਇਤਨੀ ਤੀਖਣਤਾ ਅਤੇ ਉਤਮਤਾ ਹੈ ਕਿ ਦੁਨੀਆਂ ਨੂੰ ਇਤਨੇ ਕਸ਼ਟਾ ਵਿਚ ਅਤੇ ਆਪਣੇ ਆਪ ਨੂੰ ਇਤਨੀ ਮੁਸੀਬਤ ਨੂੰ ਪਾਇਆ ਹੋਵੇ"। ਬੰਦਾ ਸਿੰਘ ਨੇ ਬੜੇ ਨਰ੍ਹਮੇ ਨਾਲ ਉਤਰ ਦਿਤਾ ਕਿ "ਜਦ ਮਨੁਖਾਂ ਵਿਚ ਮੰਦ ਕਰਮੀ ਸਭ ਹੱਦਾ ਟੱਪ ਜਾਂਦੀ ਹੈ ਤਾਂ ਉਹ ਬਦਲਾ ਸ਼ਕਤੀ ਇਖਲਾਕੋਂ ਡਿੱਗੀ ਦੁਨੀਆਂ ਨੂੰ ਸਜਾ ਦੇਣ ਲਈ ਮੇਰੇ (ਬਾਬਾ ਬੰਦਾ ਸਿੰਘ ਜੀ ਬਹਾਦੁਰ) ਜਹੀ ਸ਼ਕਤੀ ਨੂੰ ਪੈਦਾ ਕਰਦੀ ਹੈ, ਪਰ ਪਿਛੋਂ ਉਹ ਰਬ ਤੇਰੇ (ਅਮੀਨ ਖਾਂ) ਜਹੇ ਆਦਮੀਆਂ ਨੂੰ ਸ਼ਕਤੀ

ਦਿੰਦਾ ਹੈ ਤਾਂ ਜੋ ਮੇਰੇ ਜਹੇ ਨੂੰ ਸਜਾ ਦਿਤੀ ਜਾ ਸਕੇ।" ਪਰ ਦੁਖ ਦੀ ਗੱਲ ਹੈ ਕਿ ਅਜ ਬਹੁਤ ਸਾਰੇ ਸਿੱਖ ਆਪਣੇ ਗੁਰ ਧਾਮਾਂ ਵਿਚ ਵੱਧ ਰਹੀ ਮੰਦ ਕਰਮੀ ਕਾਰਨ ਪਰੇਸ਼ਾਨ ਤਾਂ ਹਨ ਪਰ ਅਸੀਂ ਅਗਿਆਨਤਾ ਦੇ ਕਾਰਣ ਆਪਣੇ ਨਿਜੀ ਸਵਾਰਥਾ ਅਧੀਨ ਗੁਰਮਤਿ ਸਿਧਾਂਤ ਅਪਨਾਉਣ ਤੋਂ ਮਜ਼ਬੂਰ ਹਾਂ।

੧੮ਵੀਂ ਸਦੀ ਈਸਵੀਂ ਸਿੱਖਾਂ ਦੀਆਂ ਅਥਾਹ ਕੁਰਬਾਨੀਆਂ ਦੇ ਇਤਹਾਸ ਨਾਲ ਭਰੀ ਪਈ ਹੈ ਜਿਸਨੇ ਸੰਸਾਰ ਦੇ ਮੰਚ ਤੇ ਅਨੌਖੇ ਸਿਧਾਂਤਕ ਤੇ ਇਤਿਹਾਸਕ ਪੂਰਨਿਆ ਨੂੰ ਉਲੀਕੀਆਂ ਹੈ ਜੇਕਰ ਇਸਦਾ ਵਰਨਣ ਕੀਤਾ ਜਾਵੇ ਤਾਂ ਇਕ ਵਖਰੀ ਪੁਸਤਕ ਦੀ ਲੋੜ ਹੈ। ਜਦਕਿ ਹਰ ਸਿੱਖ ਬਾਬਾ ਬੰਦਾ ਸਿੰਘ ਜੀ ਬਹਾਦੁਰ ਦੀ ਸ਼ਹੀਦੀ ਤੋਂ ਪਿਛੇ ਦੇ ਬਹੁਤ ਸਾਰੇ ਹਾਲਾਤ ਤੋਂ ਜਾਣੂ ਹੈ ਕਿ ਇਸ ਤਰ੍ਹਾਂ ਭਾਈ ਮਨੀ ਸਿੰਘ ਜੀ, ਦੀਪ ਸਿੰਘ ਜੀ, ਭਾਈ ਤਾਰਾ ਸਿੰਘ ਜੀ, ਭਾਈ ਸੁਬੇਗ ਸਿੰਘ ਜੀ ਤੇ ਭਾਈ ਸ਼ਾਹਬਾਜ ਸਿੰਘ ਜੀ ਅਤੇ ਅਨਗਿਣਤ ਸਿੰਘਾ ਨੇ ਅਕਹਿ ਤੇ ਅਸਹਿ ਤਸੀਹੇ ਝਲਦਿਆਂ ਹੋਇਆ ਹੱਸ ਕੇ ਮੌਤ ਨੂੰ ਗੱਲੇ ਲਗਾਇਆਂ ਸੀ, ਜਿਨ੍ਹਾਂ ਨੂੰ ਅਸੀਂ ਹਰ ਰੋਜ਼ ਅਰਦਾਸ ਵਿਚ ਯਾਦ ਕਰਦੇ ਹਾਂ। ਇਸਦੇ ਸਿੱਟੇ ਵਜੋਂ ਸਿੱਖ ਪੰਜਾਬ ਵਿਚ ਜਿਥੇ ਰਾਜ ਸਥਾਪਤ ਕਰਨ ਵਿਚ ਸਫਲ ਹੋ ਗਏ ਹਨ ਉਥੇ ਉਹ ਆਪਣੇ ਜੀਵਨ ਦੀ ਅਚਾਨਕ ਉਚਤਾ ਦਾ ਇਹੋ ਜਿਹਾ ਮਾਰਗ ਉਲੀਕੀ ਜਾ ਰਹੇ ਹਨ ਕਿ ਮਹਾਰਾਜਾ ਰਣਜੀਤ ਸਿੰਘ ਜੀ ਦੀ ਅਰਦਾਸ ਦੇ ਸਨਮੁਖ ਅਟਕ ਦਰਿਆਂ (ਸਿੰਧ ਨਦੀ) ਨੂੰ ਆਪਣੇ ਹੜ੍ਹ ਨੂੰ ਅਟਕਾਉਣਾ ਪੈ ਗਿਆ ਸੀ। ਸਿੱਖਾਂ ਦੀ ਆਚਰਨਕ, ਆਤਮਕ, ਸਮਾਜਿਕ, ਰਾਜਨੀਤਕ, ਧਾਰਮਕ ਅਤੇ ਵਿਵਹਾਰਿਕ ਉਚਤਾ ਦਾ ਕਾਰਨ ਦਾ ਅੰਦਾਜਾ ਸਿੱਖ ਦੁਸ਼ਮਨ ਤਾਕਤਾਂ ਵਲੋਂ ਇਹੋ ਲਗਾਇਆ ਗਿਆ ਮੰਨਿਆ ਜਾਂਦਾ ਹੈ ਕਿ ਸਿੱਖ ਆਪਣੇ ਗੁਰੂ ਦੇ ਹੁਕਮਾਂ, ਗੁਰੂਆਂ ਵਲੋਂ ਦਰਸਾਈ ਗਈ ਰਹਿਤ ਮਰਯਾਦਾ, ਗੁਰ ਇਤਹਾਸ ਅਤੇ ਗੁਰਬਾਣੀ ਤੇ ਅਤਿ ਦਾ ਭਰੋਸਾ, ਸਿਦਕ, ਸ਼ਰਧਾ ਅਤੇ ਪਿਆਰ ਰਖਦੇ ਹੋਏ ਇਨ੍ਹਾਂ ਲਈ ਆਪਣਾ ਤਨ, ਮਨ, ਧਨ ਨਿਛਾਵਰ ਕਰਨ ਤੋਂ ਨਹੀਂ ਝਿੱਜਕਦੇ। ਇਹ ਸਿੱਖਿਆ ਸਿੱਖਾ ਨੂੰ ਆਪਣੇ ਸ਼ਬਦ ਰੂਪ ਗੁਰੂ ਗ੍ਰੰਥ ਸਾਹਿਬ ਜੀ ਜਿਸਨੂੰ ਸਿੱਖ ਜੁੱਗੋ ਜੁੱਗ ਅਟਲ ਹਾਜ਼ਰ ਨਾਜ਼ਰ ਪਰਤਖ ਜੀਉਂਦੀ

ਜਾਗਦੀ ਆਪਣੇ ਗੁਰੂ ਦੀ ਜੋਤ ਸਮਝਦੇ ਹਨ। ਜਿਸਦੇ ਇਲਾਹੀ ਨੂਰ ਦੀ ਪ੍ਰਾਪਤੀ ਇਹ ਆਪਣੇ ਪ੍ਰਾਣਾ ਤੋਂ ਵੀ ਪਿਆਰੇ ਗੁਰਦੁਆਰਿਆਂ ਵਿਚ ਇਸ ਦਾ ਪ੍ਰਕਾਸ਼ ਕਰਕੇ ਇਸ ਵਿਚ ਦਰਜ਼ ਬਾਣੀ ਤੋਂ ਕਰਦੇ ਹਨ ਤੇ ਇਹਨਾਂ ਗੁਰਧਾਮਾਂ ਦਾ ਸਭ ਤੋਂ ਵੱਡਾ ਕੇਂਦਰ ਹਰਿਮੰਦਰ ਸਾਹਿਬ ਅੰਮ੍ਰਿਤਸਰ ਨੂੰ ਸਮਝਿਆ ਜਾਂਦਾ ਹੈ।

ਸ਼ਾਇਦ ਇਹ ਹੀ ਕਾਰਨ ਹੈ ਕਿ ਜਿਸ ਵੀ ਸਿੱਖ ਦੁਸ਼ਮਨ ਤਾਕਤ ਨੇ ਸਿੱਖਾਂ ਨੂੰ ਦਬਾਉਣ ਦਾ ਯਤਨ ਕੀਤਾ ਹੈ ਉਸਨੇ ਹਮੇਸ਼ਾ ਹੀ ਸਿੱਖ ਗੁਰਦੁਆਰਿਆਂ ਨੂੰ ਹੀ ਆਪਣੀ ਕੁਟਲ ਨੀਤੀਆਂ ਦਾ ਨਿਸ਼ਾਨਾ ਬਣਾਇਆ ਹੈ ਇਸਦਾ ਆਰੰਭ ੧੭੬੨ ਨੂੰ ਵਿਸਾਖੀ ਦੇ ਦੇ ਸਮੇਂ ਅਹਿਮਦ ਸ਼ਾਹ ਅਬਦਾਲੀ ਨੇ ਹਰਿਮੰਦਰ ਸਾਹਿਬ ਅੰਮ੍ਰਿਤਸਰ ਨੂੰ ਬਾਰੂਦ ਨਾਲ ਉਡਾਕੇ ਕੀਤਾ ਅਤੇ ਸਰੋਵਰ ਨੂੰ ਗਊਆਂ ਦੇ ਖ਼ੂਨ ਨਾਲ ਅਪਵਿੱਤਰ ਕਰਕੇ ਕੂੜੇ ਕਰਕਟ ਨਾਲ ਭਰ ਦਿਤਾ। ਇਕ ਮੁਸਲਿਮ ਲਿਖਾਰੀ ਅਹਿਮਦ ਯਾਦਗਾਰ ਆਪਣੀ ਪੁਸਤਕ "ਤਾਰੀਖ-ਸਲਾਤੀਨ-ਇ-ਅਫਗਿਨਾ" ਵਿਚ ਲਿਖਦਾ ਹੈ ਕਿ ਜਿਸ ਸਮੇਂ ਇਮਾਰਤਾਂ ਬਾਰੂਦ ਨਾਲ ਉਡਾਈਆਂ ਜਾ ਰਹਿਆਂ ਸਨ ਇਕ ਰੋੜਾ ਉੜਦਾ ਹੋਇਆ ਅਹਿਮਦ ਸ਼ਾਹ ਦੇ ਨੱਕ ਦੇ ਜਾ ਵਜ਼ਾ ਤੇ ਉਥੇ ਅਜਿਹਾ ਜ਼ਖ਼ਮ ਹੋ ਗਿਆ ਜਿਹੜਾ ਕਦੀ ਰਾਜੀ ਨਾ ਹੋਇਆ। ਪਰ ਗੁਰਦੁਆਰੇ ਦੇ ਢੱਠਨ ਨਾਲ ਸਿੱਖਾਂ ਦੇ ਮਨਾਂ ਵਿਚ ਗੁਰਬਾਣੀ ਦਾ ਜੋ ਪ੍ਰਕਾਸ਼ ਹੋ ਚੁਕਾ ਸੀ ਉਸ ਸੂਖਮ ਨੂਰ ਨੇ ਇਕ ਵਾਰ ਸਾਕਾਰ ਰੂਪ ਧਾਰਨ ਕਰਕੇ ਹਰਿਮੰਦਰ ਸਾਹਿਬ ਜੀ ਦੀ ਮੁੜ ਉਸਾਰੀ ਕਰ ਦੀਤੀ। ਸਿੱਖ ਦੁਸ਼ਮਨਾਂ ਦੀ ਇਹ ਚਾਲ ਕਿ ਸਿੱਖ ਗੁਰਦੁਆਰੇ ਢਾਹੁਨ ਨਾਲ ਸਿੱਖਾਂ ਦੀ ਸ਼ਕਤੀ ਖ਼ਤਮ ਕੀਤੀ ਜਾ ਸਕਦੀ ਹੈ, ਗਲਤ ਸਾਬਤ ਹੋਈ ਕਿਉਂਕਿ ਗੁਰੂ ਮਹਾਰਾਜ ਜੀ ਅਤੇ ਗੁਰਬਾਣੀ ਦੁਆਰਾ ਸਿੱਖ ਜੋ ਸ਼ਕਤੀ ਪ੍ਰਾਪਤ ਕਰੀ ਜਾ ਰਹੇ ਸਨ ਉਸ ਨਾਲ ਉਹਨਾਂ ਨੇ ਨਾ ਕੇਵਲ ਆਪਣੇ ਗੁਰਧਾਮ ਹੀ ਉਸਾਰੇ ਸਗੋਂ ਪੰਜਾਬ ਵਿਚ ਆਪਣਾ ਰਾਜ ਵੀ ਸਥਾਪਤ ਕਰ ਲਿਆ। ਮਹਾਰਾਜਾ ਰਣਜੀਤ ਸਿੰਘ ਨੇ ਇਸ ਪਾਸੇ ਖਾਸ ਧਿਆਨ ਦੀਤਾ ਅਤੇ ਗੁਰਧਾਮਾਂ ਦੇ ਨਾਮ ਜਿਥੇ ਬਹੁਤ ਸਾਰੀਆਂ ਜਾਗੀਰਾਂ ਲਵਾ ਦਿਤੀਆਂ। ਉਥੇ ਹਰਿਮੰਦਰ ਸਾਹਿਬ ਨੂੰ ਸਵਰਨ ਮੰਦਰ ਬਣਾ ਦਿਤਾ ਅਤੇ ਸਾਰੀ ਪਰਕਰਮਾ ਵਿਚ ਸੰਗਮਰ ਮਰ ਲਗਵਾਉਣ ਦੇ ਪ੍ਰਬੰਧ ਕੀਤੇ ਗਏ।

ਗੁਰਦੁਆਰਾ ਪ੍ਰਬੰਧ ਨੂੰ ਸਿੱਖ ਮਰਯਾਦਾ ਅਨੁਸਾਰ ਚਲਾਉਣ ਲਈ ਮਹਾਰਾਜਾ ਰਣਜੀਤ ਸਿੰਘ ਨੇ ਸਰਦਾਰ ਲਹਿਣਾ ਸਿੰਘ ਮਜੀਠਿਆ ਨੂੰ ਸਰਬਰਾਹ ਨਿਯੁਕਤ ਕੀਤਾ ਹੋਇਆ ਸੀ। ਜੋ ਕਿ ਸਿੱਖ ਮਰਯਾਦਾ ਦੇ ਜਿਥੇ ਗਿਆਨੀ ਸਨ ਉਥੇ ਉਹ ਮਰਯਾਦਾ ਨੂੰ ਬਹੁਤ ਪਕਿਆਈ ਨਾਲ ਲਾਗੂ ਰਖ ਰਹੇ ਸਨ। ਪੰਜਾਬੀ ਦੇ ਪ੍ਰਸਿੱਧ ਲਿਖਾਰੀ ਤੇ ਪਤਰਕਾਰ ਗਿਆਨੀ ਹੀਰਾ ਸਿੰਘ ਦਰਦ ਆਪਣੇ ਮਾਸਕ ਰਸਾਲੇ "ਫੁਲਵਾੜੀ-ਲਾਹੌਰ" ਦੇ ਅੰਕ ਅਪ੍ਰੈਲ-ਮਈ ੧੯੩੩ ਵਿਚ ਇਸ ਬਾਰੇ ਲਿਖਦੇ ਹਨ ਕਿ ਗੁਰਦੁਆਰਿਆਂ ਦੇ ਗ੍ਰੰਥੀ ਪੂਰਨ ਸਿੱਖ, ਨਿਸ਼ਕਾਮ ਸੇਵਾ ਦੇ ਚਾਹਵਾਨ ਅਤੇ ਉੱਚੇ ਸੁੱਚੇ ਜੀਵਨ ਵਾਲੇ ਪੰਥ ਵਿਚੋਂ ਰਖੇ ਜਾਂਦੇ ਸਨ, ਜਿਨ੍ਹਾਂ ਦਾ ਰਖਣਾ ਦਾ ਹਟਾਨਾ ਪੰਥਕ ਮੁਖੀਆਂ ਦੇ ਹੱਥ ਵਿਚ ਹੁੰਦਾ ਸੀ। ਕਿਸੇ ਗ੍ਰੰਥੀ ਦਾ ਭੇਟਾ ਦਾ ਹਿੱਸਾ ਜਾਂ ਚੇਲਾ ਬਣਾ ਕੇ ਆਪਣੇ ਥਾਂ ਬਿਠਾਉਣ ਦਾ ਹੱਕ ਜਾਂ ਆਪਣੇ ਪੁਤੱਰ ਨੂੰ ਗੱਦੀ ਦੇਣ ਦਾ ਹੱਕ ਨਹੀਂ ਸੀ ਮੰਨਿਆ ਜਾਂਦਾ। ਯੋਗਤਾ ਤੇ ਉੱਚਾ ਸੁਚਾ ਚਾਲ ਚਲਨ ਰਖਣ ਵਾਲਾ ਹੀ ਇਸ ਪਦਵੀ ਦਾ ਹੱਕ ਦਾਰ ਹੋ ਸਕਦਾ ਸੀ। ਧਾਰਮਿਕ ਮਰਯਾਦਾ ਵਿਚ ਮਹਾਰਾਜਾ ਰਣਜੀਤ ਸਿੰਘ ਜੀ ਵੀ ਕੋਈ ਦਖਲ ਨਹੀਂ ਦਿੰਦੇ ਸੀ। ਗੁਰੂ ਦੀ ਗੋਲਕ ਵਿਚ ਜਿਸ ਮੰਤਵ ਲਈ ਚੜ੍ਹਾਵਾ ਚੜ੍ਹਦਾ ਸੀ ਸਿੱਖ ਮੁਖੀਆਂ ਵਲੋਂ ਮੁਕਰਰ ਕੀਤੇ ਹੋਏ ਇਤਬਾਰੀ ਅਤੇ ਦਿਆਨਤਦਾਰ ਸਿੱਖ ਸੇਵਾਦਾਰਾਂ ਦਾ ਹੀ ਖਰਚ ਕੀਤਾ ਜਾਂਦਾ ਸੀ। ਆਮਤੌਰ ਤੇ ਚੜ੍ਹਾਵੇ ਨੂੰ ਲੰਗਰ, ਇਮਾਰਤ ਤੇ ਲੋੜਵੰਦਾ ਦੀ ਸੇਵਾ ਲਈ ਵਰਤਿਆਂ ਜਾਂਦਾ ਸੀ। ਕੋਈ ਗ੍ਰੰਥੀ ਚੜ੍ਹਾਵੇ ਵਿਚੋਂ ਕੁਛ ਨਹੀਂ ਸੀ ਲੈਂਦਾ। ਸਗੋਂ ਇਸਨੂੰ ਬੁਰਾ ਖਿਆਲ ਕਰਦੇ ਸਨ। ਪਰ ਕੁਛ ਨਿਕਾਰਾ ਵਿਕਤਿਆਂ ਨੂੰ ਆਪਦੇ ਤਨ ਨਿਰਬਾਹ ਲਈ ਕੁਛ ਦੇ ਦਿਤਾ ਜਾਂਦਾ ਸੀ।

## ਦਸਤੂਰ-ਉਲ-ਅਮਲ

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਤੋਂ ਪਿਛੋਂ ਯੱਕਦਮ ਗੁਰਧਾਮਾਂ ਵਿਚ ਕੁਰੀਤੀਆਂ ਨੇ ਬੜੀ ਤੇਜ਼ੀ ਨਾਲ ਉਭਰਨਾ ਸ਼ੁਰੂ ਕਰ ਦਿਤਾ। ਗ੍ਰੰਥੀ, ਪੁਜਾਰੀ, ਕੀਰਤਨੀਏ, ਰਾਗੀ, ਢਾਡੀ ਆਦਿ ਸਭ ਆਪਣੀ ਆਮਦਨ ਵਧਾਉਣ ਵਿਚ ਲਗ ਗਏ ਜਿਸ ਕਾਰਨ

ਰਾਗੀਆਂ, ਰਬਾਬੀਆਂ, ਢਾਡੀਆਂ, ਗ੍ਰੰਥੀਆਂ, ਪੁਜਾਰੀਆਂ ਵਿਚਕਾਰ ਝੱਗੜੇ ਵਧਣ ਕਾਰਨ ਸਰਕਾਰ ਨੂੰ ਗੁਰਧਾਮਾਂ ਦੇ ਪ੍ਰਬੰਧ ਵਿਚ ਦਖਲ ਦੇਣ ਦਾ ਬਹਾਨਾ ਮਿਲ ਗਿਆ। ਰਾਜਾ ਤੇਜਾ ਸਿੰਘ ਜਿਸਨੇ ਅੰਗਰੇਜ਼ਾਂ ਤੇ ਸਿੱਖਾਂ ਵਿਚਕਾਰ ਜੰਗ ਸਮੇਂ ਸਿੱਖ ਫੋਜਾਂ ਨਾਲ ਗਦਾਰੀ ਕਰਕੇ ਅੰਗਰੇਜ਼ਾਂ ਦਾ ਸਾਥ ਦਿਤਾ ਸੀ, ਅੰਗਰੇਜ਼ਾਂ ਵਲੋਂ ਬੜੇ ਸਤਿਕਾਰ ਦਾ ਪਾਤਰ ਸੀ। ਰਾਜਾ ਤੇਜਾ ਸਿੰਘ ਦੀ ਤਜ਼ਵੀਜ ਤੇ ਉਸ ਸਮੇਂ ਦੇ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਮਿਸਟਰ ਕਪੂਰ ਨੇ ਵਾਇਸਰਾਇ ਹਿੰਦ ਤੋਂ ਸਿੱਖ ਸਰਦਾਰਾਂ ਦੀ ਇਕ ਮੀਟਿੰਗ ਦੀ ਇਜ਼ਾਜਤ ਪ੍ਰਾਪਤ ਕਰ ਲਈ ਤਾਂ ਕਿ ਸਿੱਖਾਂ ਦੇ ਗੁਰਧਾਮਾਂ ਦੇ ਪ੍ਰਬੰਧ ਲਈ ਕੋਈ ਦਸਤੂਰ ਅਮਲ ਵਿਚ ਲਿਆਂਦਾ ਜਾ ਸਕੇ। ਸਿੱਖ ਸਰਦਾਰਾਂ ਦੀ ਇਹ ਮੀਟਿੰਗ ੫ ਸਤੰਬਰ ੧੮੫੯ ਤੋਂ ੧੨ ਸਤੰਬਰ ੧੮੫੯ ਤਕ ਰਾਜਾ ਤੇਜਾ ਸਿੰਘ ਦੀ ਕੋਠੀ ਵਿਚ ਹੋਈ ਜਿਸ ਵਿਚ ਅੰਗਰੇਜ਼ ਡਿਪਟੀ ਕਮਿਸ਼ਨਰ ਮਿਸਟਰ ਕਪੂਰ ਤੋਂ ਬਿਨਾ ਹੇਠ ਲਿਖੇ ਸਿੱਖ ਸਰਦਾਰ ਸ਼ਾਮਲ ਹੋਏ ਸਿੱਖ ਇਤਹਾਸ ਨੇ ਮੰਨੇ ਹਨ।

(੧) ਰਾਜਾ ਤੇਜਾ ਸਿੰਘ (੨) ਸ੍ਰ. ਸ਼ਮਸ਼ੇਰ ਸਿੰਘ ਸੰਧਾ ਵਾਲੀਆ (੩) ਸਰਦਾਰ ਦਿਆਲ ਸਿੰਘ (੪) ਭਾਈ ਪ੍ਰਦੂਮਨ ਸਿੰਘ ਗਿਆਨੀ (੫) ਸਰਦਾਰ ਜੈਮਲ ਸਿੰਘ ਖੰਡਾ (੬) ਸ. ਮਹਿਤਾਬ ਸਿੰਘ ਮਜੀਠੀਆ (੭) ਰਾਇ ਮੂਲ ਸਿੰਘ (੮) ਸ. ਮੰਗਲ ਸਿੰਘ (੯) ਸ. ਲਾਲ ਸਿੰਘ (੧੦) ਸ. ਹਰਦਿਤ ਸਿੰਘ ਭੜਾਨਾ (੧੧) ਸ. ਜੋਧ ਸਿੰਘ (੧੨) ਬਾਬਾ ਸੁੰਦਰ ਸਿੰਘ ਅਤੇ ਹੋਰ ਵੀ ਕਈ ਸਿੱਖ ਪਤਵੰਤੇ ਇਸ ਮੀਟਿੰਗ ਵਿਚ ਸ਼ਾਮਲ ਹੋਏ।

ਇਸਤੋਂ ਪਹਿਲਾਂ ਕਿ ਦਸਤੂਰੁਲ ਅਮਲ ਵਿਚ ਦਰਜ ਵਿਸ਼ੇਸ਼ ਧਾਰਾਵਾਂ ਦਾ ਵਰਨਣ ਕੀਤਾ ਜਾਵੇ ਇਹ ਜ਼ਰੂਰੀ ਹੈ ਕਿ ਗੁਰਧਾਮਾਂ ਵਿਚ ਕੁਰੀਤੀਆਂ ਧਸੋੜਣ ਲਈ ਡਿਪਟੀ ਕਮਿਸ਼ਨਰ ਮਿਸਟਰ ਕਪੂਰ ਦੀਆਂ ਕੁਟਲ ਨੀਤੀਆਂ ਦੇ ਅਦਾਰ ਨੂੰ ਵੀ ਸਮਝਨ ਦਾ ਯਤਨ ਕੀਤਾ ਜਾਵੇ। ਮਿਸਟਰ ਕਪੂਰ ਇਹ ਭਲੀ ਭਾਂਤ ਜਾਂਣਦਾ ਸੀ ਕਿ

੧) ਸਿੱਖ **ਪੂਜਾ ਦਾ ਧਾਨ** ਨਹੀਂ ਖਾਂਦੇ ਤੇ ਨਾ ਹੀ ਇਸਨੂੰ ਆਪਣੇ ਘਰਾਂ ਵਿਚ ਵੜਣ ਦੇਂਦੇ ਹਨ ਜਿਹਾ ਕਿ ਰਹਿਤਨਾਮਿਆ ਵਿਚ

ਲਿਖਿਆ ਮਿਲਦਾ ਹੈ ਕਿ

ੳ) *ਜਿਮ ਅਹਿ ਮਣਿ ਪ੍ਰਕਾਸ਼ ਕੋ ਪਾਇ।।*
*ਬੀਨ ਬੀਨ ਕਿਰਮਨ ਕੋ ਖਾਇ।।*
*ਤਿਮ ਤਿਸ ਨਰ ਕੀ ਕ੍ਰਿਆ ਪਛਾਨੋ।।*
*ਪਾਠ ਸੁਣਾਇ ਲੈ ਦਰਬ ਮਹਾਨੋ।।* (ਸੂਰਜ ਪ੍ਰਕਾਸ਼)

(ਅ) *ਬੁਰੀ ਬਸਤ ਪੂਜਾ ਕੋ ਕਹਤੇ ਧਰਮਸਾਲ ਨਹ ਬਹਿਤੇ।।*
*ਗੁਰ ਕੇ ਭਾਣੇ ਪਰ ਖੁਸ਼ ਰਹਿਤੇ ਧਰਮ ਕਿਰਤ ਕਰ ਖਾਤੇ।।*
(ਗਿ: ਗਿਆਨ ਸਿੰਘ ਜੀ)

ੲ) *ਸਸੈ ਸੰਜਮੁ ਗਇਓ ਮੂੜੇ*
*ਏਕੁ ਦਾਨੁ ਤੁਧੁ ਕੁਥਾਇ ਲਇਆ।।*
*ਸਾਈ ਪੁਤ੍ਰੀ ਜਜਮਾਨ ਕੀ ਸਾ*
*ਤੇਰੀ ਏਤੁ ਧਾਨਿ ਖਾਧੈ ਤੇਰਾ ਜਨਮੁ ਗਇਆ।।*
(ਗੁਰੂ ਗ੍ਰੰਥ ਸਾਹਿਬ ਪੰਨਾ ੪੩੫)

ਸ) *ਲੈ ਭਾੜਿ ਕਰੇ ਵੀਆਹੁ।।*
*ਸੁਣਿ ਵੇਖਹੁ ਲੋਕਾ ਇਹੁ ਵਿਡਾਣੁ।।*
*ਮਨਿ ਅੰਧਾ ਨਾਉ ਸੁਜਾਣੁ।।*
(ਗੁਰੂ ਗ੍ਰੰਥ ਸਾਹਿਬ ਪੰਨਾ ੪੭੧)

ਹ) *ਜੋਗੀ ਹੋਵਾ ਜਗਿ ਭਵਾ ਘਰਿ ਘਰਿ ਭੀਖਿਆ ਲੇਉ।।*
*ਦਰਗਹ ਲੇਖਾ ਮੰਗੀਐ ਕਿਸ ਕਿਸ ਉਤਰੁ ਦੇਉ।।*
(ਗੁਰੂ ਗ੍ਰੰਥ ਸਾਹਿਬ ਪੰਨਾ ੧੦੮੯)

ਕ) *ਸਿੱਖ ਨ ਪੂਜਾ ਖਾਇ।।*
*ਰੰਚਕ ਨੀਤ ਕੜਾਹ ਭਰ ਲੇਇ।।*
*ਗੁਰੂ ਭੁਗਤਿ ਹੀ ਖਾਈਐ ਜੋ ਪਰਸਾਈ ਦੇਇ।।*
(ਰਹਿਤਨਾਮਾ ਭਾਈ ਰਾਮ ਕੌਰ ਜੀ)

ਖ) *ਰਹਿਤਵੰਤ ਸਿੰਘ ਹੈ ਜੋਈ।।*
*ਕਰ ਉਪਾਇ ਧਨ ਖਾਟੇ ਸੋਈ।।*

ਤਾਂਹੀ ਕਰ ਘਰ ਕੋ ਨਿਰਬਹੈ।।
ਪੂਜਾ ਭੂਲ ਨ ਕਬੂੰ ਗਹੈ।।
ਧਰਮਸਾਲ ਕੀ ਝਾਕ ਨ ਕਰਨੀ।।
ਮਹਾਂ ਦੋਸ਼ ਹੈ ਗੁਰ ਨੇ ਬਰਨੀ।।

ਅਤੇ

ਸੁਤ ਜੁਵਤੀ ਯੁਤ ਕਦੇ ਨ ਲੇਈ।।
ਜੋ ਪੂਜਾ ਕੋ ਆਪੇ ਖਾਈ।।
ਧਰਮ ਅਰਥ ਜਡ ਦੇਵੇ ਨਾਹੀ।।
ਤਾਹਿ ਦੂਖ ਹੋਹਿੰਗੇ ਜੋਈ।।
ਤਾਂ ਦੂਖ ਕੋ ਜਾਨੈਗੋ ਸੋਈ।।

(ਰਹਿਤਨਾਮਾ ਭਾਈ ਦੇਸਾ ਸਿੰਘ ਜੀ)

ਇਸਤੋਂ ਉਪਰੰਤ ਜੇ ਕਰ ਸਿੱਖ ਇਤਹਾਸ ਦੇ ਉਹਨਾਂ ਪੰਨਿਆਂ ਦਾ ਅਧਿਅਨ ਕਰੀਏ ਜਿਹੜੇ ਕਿ ਗੁਰੂ ਮਹਾਰਾਜ ਦੇ ਦਰਬਾਰ ਦਾ ਦ੍ਰਿਸ਼ ਸਾਨੂੰ ਵਿਖਾਉਂਦੇ ਹਨ ਕਿ ਪੰਚਮ ਪਾਤਿਸ਼ਾਹ ਗੁਰੂ ਅਰਜਨ ਸਾਹਿਬ ਜੀ ਦੇ ਦਰਬਾਰ ਵਿਚ ਕੀਰਤਨ ਕਰਨ ਵਾਲੇ ਕੋਈ ਸ਼ਬਦ ਭੇਟ ਨਹੀਂ ਲਿਆ ਕਰਦੇ ਸਨ ਜਦ ਕਿ ਬਾਬਾ ਬੁਢਾ ਜੀ ਨੂੰ ਦਰਬਾਰ ਸਾਹਿਬ, ਅੰਮ੍ਰਿਤਸਰ ਦਾ ਗ੍ਰੰਥੀ ਥਾਪਿਆ ਗਿਆ ਤਾਂ ਉਹ ਵੀ ਪੂਜਾ ਦਾ ਧਾਨ ਨਹੀਂ ਲਿਆ ਕਰਦੇ ਸਨ ਸਗੋਂ ਝੱਬਾਲ ਨਗਰ ਦੇ ਇਲਾਕੇ ਵਿਚ ਉਹ ਖੇਤੀ ਕਿੱਤਾ ਕਰਦੇ ਸਨ। ਛੇਵੇਂ ਪਾਤਿਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਢਾਡੀ ਵਾਰਾਂ ਦੀ ਪ੍ਰੰਮਪਰਾ ਚਾਲੂ ਕੀਤੀ ਪਰ ਕਿਸੇ ਸਮੇਂ ਵੀ ਇਸਦਾ ਵਰਨਣ ਨਹੀਂ ਮਿਲਦਾ ਕਿ ਅਕਾਲ ਤਖ਼ਤ ਤੇ ਕਿਸੇ ਢਾਡੀ ਨੇ ਪੂਜਾ ਦੇ ਧਾਨ ਨੂੰ ਪ੍ਰਾਪਤ ਕੀਤਾ ਹੋਵੇ।। ਇਸੇ ਤਰ੍ਹਾਂ ਦੂਸਰੇ ਗੁਰੂ ਸਾਹਿਬਾਨ ਦੇ ਦਰਬਾਰਾਂ ਦਾ ਇਤਹਾਸ ਵੀ ਪੂਜਾ ਦੇ ਧਾਨ ਨੂੰ ਪ੍ਰਾਪਤ ਕਰਨ ਦੀ ਮਨਾਹੀ ਕਰਦਾ ਹੈ। ਭਾਈ ਮੰਝ ਜੀ ਦੀ ਸਾਖੀ ਤਾਂ ਇਸ ਗੁਰਮਤ ਸਿੱਧਾਂਤ ਨੂੰ ਬੜਾ ਸਪਸ਼ਟ ਕਰਦੀ ਹੈ ਕਿ ਉਹ ਗੁਰੂ ਅਰਜਨ ਸਾਹਿਬ ਜੀ ਦੇ ਹੁਕਮਾਂ ਮੁਤਾਬਕ ਬੜੇ ਪਿਆਰ ਤੇ ਸਤਿਕਾਰ ਨਾਲ ਲੰਗਰ ਦੀ ਸੇਵਾ ਕਰਦੇ ਸਨ ਜਦਕਿ ਉਹਨਾਂ ਦੀ ਸੇਵਾ ਦੀ ਪ੍ਰਸੰਨਸਾ ਕੁਝ ਸਿੱਖਾਂ

ਨੇ ਗੁਰੂ ਜੀ ਪਾਸ ਕੀਤੀ ਤਾਂ ਗੁਰੂ ਜੀ ਨੇ ਭਾਈ ਸਾਹਿਬ ਨੂੰ ਆਪਣੇ ਪਾਸ ਬੁਲਾਇਆ ਤੇ ਉਹਨਾਂ ਦੀ ਸੇਵਾ ਦਾ ਵਰਨਣ ਕਰਦਿਆਂ ਇਹ ਪੁੱਛ ਲਿਆ ਕਿ ਭਾਈ ਸਾਹਿਬ ਜੀ ਆਪ ਜੀ ਨੇ ਆਪਣੇ ਖਾਣ ਪਾਨ ਦਾ ਕੀ ਪ੍ਰਬੰਧ ਕੀਤਾ ਹੋਇਆ ਹੈ? ਭਾਈ ਸਾਹਿਬ ਜੀ ਨੇ ਜਦ ਇਹ ਦਸਿਆ ਕਿ ਉਹ ਤਾਂ ਲੰਗਰ ਵਿਚੋਂ ਹੀ ਆਪਣਾ ਗੁਜ਼ਰ ਕਰ ਲੈਂਦੇ ਹਨ ਤਾਂ ਗੁਰੂ ਜੀ ਨੇ ਫੁਰਮਾਇਆ ਕਿ ਇਹ ਕੋਈ ਸੇਵਾ ਨਹੀਂ ਸਗੋਂ ਮਜ਼ਦੂਰੀ ਹੈ। ਜਦ ਭਾਈ ਸਾਹਿਬ ਜੀ ਨੇ ਸੇਵਾ ਦੇ ਗਿਆਨ ਦੀ ਪ੍ਰਾਪਤੀ ਲਈ ਗੁਰ ਚਰਨਾਂ ਵਿਚ ਅਰਦਾਸ ਬੇਨਤੀ ਕੀਤੀ ਤਾਂ ਹੁਕਮ ਹੋਇਆ ਕਿ ਹਰ ਰੋਜ਼ ਲੰਗਰ ਵਾਸਤੇ ਜੰਗਲ ਵਿਚੋਂ ਲਕੱੜੀਆਂ ਲਿਆ ਕੇ ਫਿਰ ਨਗਰ ਵਿਚ ਜਾ ਕੇ ਆਪਣੇ ਨਿਰਬਾਹ ਲਈ ਕੋਈ ਕਿਰਤ ਕੀਤਾ ਕਰੋ। ਭਾਈ ਸਾਹਿਬ ਜੀ ਨੇ ਅਜਿਹਾ ਹੀ ਕਰਨਾ ਸ਼ੁਰੂ ਕਰ ਦਿਤਾ ਕੀ ਅੱਜ ਦੇ ਗ੍ਰੰਥੀ, ਰਾਗੀ ਕੱਥਾ ਵਾਚਕ ਤੇ ਗੁਰਧਾਮਾਂ ਦੇ ਹੋਰ ਸੇਵਾਦਾਰ ਗੁਰੂ ਅਰਜਨ ਸਾਹਿਬ ਜੀ ਦੇ ਇਹ ਹੁਕਮ ਮੰਨਣ ਲਈ ਤਿਆਰ ਹਨ? ਇਸੇ ਤਰ੍ਹਾਂ ਕਲਗੀਧਰ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਦੇ ਕੁਝ ਕਵੀਆਂ ਤੇ ਲੇਖਕਾਂ ਬਾਰੇ ਇਹ ਵਰਨਣ ਤਾਂ ਹੈ ਕਿ ਕਿਸੇ ਪੁਸਤਕ ਦਾ ਟੀਕਾ ਕਰਨ ਕਰਕੇ ਗੁਰੂ ਮਹਾਰਾਜ ਜੀ ਨੇ ਕਿਸੇ ਕਵੀ ਅਥਵਾ ਲਿਖਾਰੀ ਨੂੰ ਉਸਦੀ ਰਚਨਾ ਤੋਂ ਖੁਸ਼ ਹੋ ਕੇ ਉਸ ਦਾ ਸਨਮਾਨ ਵੀ ਕੀਤਾ ਤੇ ਉਸਨੂੰ ਮਾਇਆ ਦੇ ਰੂਪ ਵਿਚ ਬਖਸ਼ਿਸ ਵੀ ਕੀਤੀ ਪਰ ਕਿਸੇ ਰਾਗੀ, ਰਬਾਬੀ, ਗ੍ਰੰਥੀ ਆਦਿ ਨੂੰ ਪੂਜਾ ਦਾ ਧਾਨ ਨਹੀਂ ਦਿਤਾ ਗਿਆ ਸਗੋਂ ਇਤਹਾਸ ਇਹ ਤਾਂ ਵਰਨਣ ਕਰਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਪੂਜਾ ਦੇ ਧਾਨ ਨੂੰ ਜ਼ਹਿਰ ਆਖ ਕੇ ਸਰਸਾ ਨਦੀ ਵਿਚ ਬਹਾ ਦਿਤਾ ਸੀ ਭਾਵੇਂ ਉਹਨਾਂ ਦੀ ਫੋਜ ਵਿਚ ਗੈਰ ਸਿੱਖ ਫੋਜੀ ਤਨਖਾਹ ਵੀ ਲਿਆ ਕਰਦੇ ਸਨ। ਪਰ ਜਿਹੜੇ ਸਿੱਖ ਮਸੰਦ ਬਣਕੇ ਪੂਜਾ ਦਾ ਧਾਨ ਆਪਣੇ ਘਰਾਂ ਵਿਚ ਵਰਤੀ ਜਾਂਦੇ ਸਨ ਉਹਨਾਂ ਨਾਲ ਗੁਰੂ ਜੀ ਨੇ ਕੀ ਵਰਤਾਵ ਕੀਤਾ ਇਹ ਸਭ ਸਿੱਖ ਜਾਣਦੇ ਹਨ ਕਿ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੂੰ ਤੇਲ ਦੇ ਕੜ੍ਹਾਹੇ ਤਪਾ ਕੇ ਉਸ ਵਿਚ ਪੂਜਾ ਦਾ ਧਾਨ ਖਾਣ ਵਾਲੇ ਮਸੰਦਾਂ ਨੂੰ ਸਾੜ੍ਹਨਾ ਪਿਆ ਸੀ। ਇਹ ਮਸੰਦ ਆਪਣੇ ਦਾੜ੍ਹੇ ਵੀ ਲੰਬੇ ਰਖਦੇ ਸਨ, ਸਿਰਾਂ ਤੇ ਬੜੀਆਂ ਸੁੰਦਰ

ਦਸਤਾਰਾਂ ਵੀ ਸਜਾਉਂਦੇ ਸਨ ਅਤੇ ਲੰਬੇ ਲੰਬੇ ਚੋਲੇ ਵੀ ਪਾਉਂਦੇ ਸਨ। ਇਹ ਮਸੰਦ ਆਪਣੇ ਆਪ ਨੂੰ ਗੁਰੂ ਦੇ ਥਾਪੇ ਹੋਏ ਸਿੱਖਾਂ ਦੇ ਆਗੂ ਵੀ ਸਮਝਦੇ ਸਨ ਪਰ ਪੂਜਾ ਦਾ ਧਾਨ ਖਾਣ ਕਰਕੇ ਉਹ ਗੁਰੂ ਸਾਹਿਬ ਜੀ ਦੀ ਨਜ਼ਰ ਵਿਚ ਇਥੋਂ ਤਕ ਗਿਰ ਗਏ ਕਿ ਗੁਰੂ ਜੀ ਨੂੰ ਉਹਨਾਂ ਲਈ ਤੇਲ ਦੇ ਕੜ੍ਹਾਹੇ ਤਪਾਉਣੇ ਪਏ। ਕੀ ਅਜ ਅਸੀਂ ਇਸ ਇਤਹਾਸਕ ਘਟਨਾ ਤੋਂ ਕੋਈ ਸਿੱਖਿਆ ਲੈ ਸਕਦੇ ਹਾਂ?

ਸਿੱਖਾਂ ਦੀ ਹਰ ਪਰਕਾਰ ਦੀ ਆਤਮਕ, ਧਾਰਮਕ, ਰਾਜਨੀਤਕ, ਸਮਾਜਕ ਸ਼ਕਤੀ ਨੂੰ ਖੇਰੂੰ ਖੇਰੂੰ ਕਰਨ ਵਾਸਤੇ ਮਿਸਟਰ ਕਪੂਰ ਨੇ ਸਿੱਖਾਂ ਦੇ ਧਰਮ ਅਤੇ ਅਰਥ ਨੂੰ ਨਸ਼ਟ ਕਰਨ ਲਈ ਹਾਰੇ ਹੋਏ ਅਤੇ ਸਿੱਖੀ ਦੇ ਗਦਾਰ ਸਰਦਾਰਾਂ ਪਾਸੋਂ ਇਹੋ ਜਿਹਾ ਦਸਤੂਰਲ ਅਮਲ ਪਾਸ ਕਰਵਾਕੇ ਵਾਇਸਰਾਇ ਹਿੰਦ ਤੋਂ ਮੰਜ਼ੂਰ ਕਰਵਾ ਲਿਆ ਜਿਸ ਦੀਆਂ ਵਿਸ਼ੇਸ਼ ਧਾਰਾਵਾਂ ਲਿਖੀਆਂ ਹੋਈਆਂ ਮਿਲਦੀਆਂ ਹਨ ਕਿ

੧) ਇਸ ਪਵਿੱਤ੍ਰ ਅਸਥਾਨ (ਦਰਬਾਰ ਸਾਹਿਬ ਅੰਮ੍ਰਿਤਸਰ) ਦੇ ਮਾਲਕ ਸ੍ਰੀ ਗੁਰੂ ਰਾਮਦਾਸ ਜੀ ਹਨ। ਕਿਸੇ ਹੋਰ ਦੀ ਮਲਕੀਅਤ ਨਹੀਂ। ਸੇਵਕੀ ਦਾ ਦਾਵ੍ਹ ਸਰਬਤ ਖਾਲਸਾ ਜੀ ਤੇ ਸਾਧ ਸੰਗਤ ਦਾ ਇਕੋ ਜਿਹਾ ਹੈ। ਪਰ ਪੁਜਾਰੀ ਲੋਕ ਜੋ ਦਰਜਾ ਬਦਰਜਾ ਆਪੋ ਆਪਣੀ ਸੇਵਾ ਤੇ ਲਗੇ ਹੋਏ ਹਨ ਉਹਨਾ ਦਾ ਰੋਜ਼ੀਨਾ ਖਿਦਮਤ ਦੇ ਮੁਤਾਬਕ ਮੁਕਰਰ ਹੈ।

੨) ਗ੍ਰੰਥੀਆਂ ਪੁਜਾਰੀਆਂ ਆਦਿਕ ਦੇ ਵੱਖ-ਵੱਖ ਹਿੱਸੇ ਮੁਕਰਰ ਕੀਤੇ ਗਏ ਅਤੇ ਹਿੱਸੇ ਨੂੰ ਆਪਣੀ ਸੰਤਾਨ ਜਾਂ ਚੇਲੇ ਨੂੰ ਦੇਣ ਦਾ ਹੱਕ ਦਿਤਾ ਗਿਆ।

੩) ਜਾਗੀਰ ਤੇ ਚੜ੍ਹਤ ਖਜ਼ਾਨੇ ਦੇ ਹਿੱਸੇ ਤੋਂ ਬਿਨਾ ਦਰਸ਼ਨ ਕਰਨ ਆਉਣ ਵਾਲੇ ਯਾਤਰੂਆਂ ਪਾਸੋਂ ਭੇਟਾ ਲੈਣ ਦੀ ਖੁਲ ਦਿਤੀ ਗਈ ਅਤੇ ਗ੍ਰੰਥੀ-ਪੁਣੇ ਤੇ ਪੁਜਾਰੀ-ਪੁਣੇ ਦਾ ਹੱਕ ਜੱਦੀ ਜਾਇਦਾਦ ਦੀ ਤਰ੍ਹਾਂ ਬਣਾ ਦਿਤਾ ਗਿਆ।

੪) ਇਮਾਰਤ ਦਾ ਕੰਮ ਇਹ ਖਿਆਲ ਕਰਕੇ ਕਿ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਤੋਂ ਭਾਈ ਸਾਹਿਬ ਭਾਈ ਸੰਤ ਸਿੰਘ ਜੀ

ਗਿਆਨੀ ਦੀ ਔਲਾਦ ਪਾਸ ਚਲਿਆ ਆਉਂਦਾ ਹੈ, ਇਸ ਕਰਕੇ ਹੁਣ ਵੀ ਉਹਨਾਂ ਦੇ ਖਾਨਦਾਨ ਵਿਚੋਂ ਭਾਈ ਪ੍ਰਦੁਮਨ ਸਿੰਘ ਜੀ ਗਿਆਨੀ ਦੇ ਸਪੁਰਦ ਰਹਿਣ ਦਿਤਾ ਗਿਆ।

੫) ਫੈਸਲਾ ਹੋਇਆ ਕਿ ਦਰਬਾਰ ਸਾਹਿਬ ਦਾ ਪ੍ਰਬੰਧ ਸਰਕਾਰ ਦੀ ਮਦਦ ਬਗੈਰ ਕਿਸੇ ਤਰ੍ਹਾਂ ਚਲ ਨਹੀਂ ਸਕਦਾ, ਕਿਉਂਕਿ ਜੇ ਸਰਬਰਾਹ ਨਾ ਹੋਵੇ ਤਾਂ ਪੁਜਾਰੀਆਂ ਰਬਾਬੀਆਂ (ਰਾਗੀਆਂ) ਦੇ ਬੜੇ ਝਗੜੇ ਹੋਂਦੇ ਹਨ।

੬) ਸਰਬਰਾਹ ਤੋਂ ਬਿਨਾ ਕੰਮ ਨਹੀਂ ਚਲ ਸਕਦਾ ਪਰ ਸਰਬਰਾਹ ਨੂੰ ਧਾਰਮਕ ਮਾਮਲਿਆਂ ਵਿਚ ਦਖਲ ਦੇਣ ਦਾ ਹੱਕ ਨਹੀਂ ਹੋਵੇਗਾ। ਸਰਬਰਾਹ ਦਾ ਕੰਮ ਇਹ ਹੋਵੇਗਾ ਕਿ ਇਥੋਂ ਦੇ ਆਦਮੀਆਂ ਦੇ ਚਾਲ ਚਲਨ ਦਾ ਖਿਆਲ ਰਖੇ, ਆਪਦੇ ਰੂ-ਬ-ਰੂ ਉਹਨਾਂ ਦੇ ਹਿੱਸੇ ਵੰਡਾ ਦੇਵੇ, ਲੜਾਈ ਝਗੜਾ ਨਾ ਹੋਣ ਦੇਵੇ, ਸਰਬਰਾਹ ਹਿੰਦੂ ਕੌਮ ਯਾ ਸਿੱਖ ਹੋਵੇ। ਨਿਸ਼ਕਾਮ ਤੇ ਦਿਆਨਤਦਾਰ ਹੋਵੇ, ਕਿਸੇ ਨਾਲ ਜ਼ਿੱਦ ਨਾ ਰਖਦਾ ਹੋਵੇ, ਹਾਲਾਂ ਸਰਦਾਰ ਜੋਧ ਸਿੰਘ ਜੀ ਐਕਸਟਰਾ ਅ: ਕਮਿਸ਼ਨਰ ਸਰਬਰਾਹ ਰਹਿਣਗੇ। ਇਹਨਾਂ ਤੋਂ ਮਗਰੋਂ ਉਪਰੋਕਤ ਗੁਣਾਂ ਵਾਲਾ ਕੋਈ ਸਰਬਰਾਹ ਸਰਕਾਰ ਮੁਕਰਰ ਕਰੇਗੀ।

ਦਸਤੂਰੁਲ ਅਮਲ ਦੀਆਂ ਉਪਰੋਕਤ ਧਾਰਾਵਾਂ ਤੇ ਵਿਚਾਰ ਕਰਨ ਨਾਲ ਇਹ ਸਪਸ਼ਟ ਹੋ ਜਾਂਦਾ ਹੈ ਕਿ ਕਿਸ ਤਰ੍ਹਾਂ ਸਰਕਾਰ ਨੇ ਗੁਰਧਾਮਾਂ ਵਿਚ ਕੁਰੀਤੀਆਂ ਨੂੰ ਬੜਾਵਾ ਦੇਣ ਲਈ ਗੁਰਧਾਮਾਂ ਦੇ ਪਰਬੰਧ ਨੂੰ ਆਪਣੇ ਅਧੀਨ ਕਰ ਲਿਆ ਕਿਉਂਕਿ ਸਰਬਰਾਹ ਦੀ ਨਿਯੁਕਤੀ ਅੰਗਰੇਜ਼ ਸਰਕਾਰ ਕਰਦੀ ਸੀ। ਸਿੱਖ ਸਰਦਾਰਾਂ ਦੀ ਜਿਹੜੀ ਇਕ ਦਸ ਮੈਂਬਰੀ ਕਮੇਟੀ ਬਣਾਈ ਗਈ ਸੀ ਉਸ ਦੇ ਹੱਥ ਕੋਈ ਅਖਤਿਆਰ ਨਹੀਂ ਸੀ। ਉਹ ਮਤੇ ਪਾਸ ਕਰਕੇ ਡਿਪਟੀ ਕਮਿਸ਼ਨਰ ਨੂੰ ਘਲਦੀ ਸੀ ਤੇ ਡਿਪਟੀ ਕਮਿਸ਼ਨਰ ਉਸਨੂੰ ਸਰਬਰਾਹ ਪਾਸ ਘਲ ਦੇਂਦਾ ਸੀ। ਸਰਬਰਾਹ ਦੀ ਨਿਯੁਕਤੀ ਡਿਪਟੀ ਕਮਿਸ਼ਨਰ ਕਰਦਾ ਸੀ ਜਿਸ ਕਾਰਨ ਸਰਬਰਾਹ ਹਰ ਸਮੇਂ ਡੀ. ਸੀ. ਸਾਹਿਬ ਦੇ ਹੁਕਮਾਂ ਦੀ ਪਾਲਣਾ ਕਰਦਾ ਰਹਿੰਦਾ ਸੀ। ਗ੍ਰੰਥੀ, ਰਾਗੀ ਤੇ ਪੂਜਾਰੀ ਹਰ ਸਮੇਂ ਸਰਬਰਾਹ ਨੂੰ ਖੁਸ਼ ਰਖਣਾ ਹੀ ਮਰਯਾਦਾ ਸਮਝ ਬੈਠੇ ਸਨ

ਜਿਸ ਕਾਰਨ ਦਿਨ ਪ੍ਰਤੀ ਦਿਨ ਗੁਰਧਾਮਾਂ ਵਿਚ ਖਰਾਬੀਆਂ ਵਧਦੀਆ ਗਈਆਂ। ਗੁਰਦੁਆਰੇ ਦੇ ਪਰਬੰਧਕ ਗਾਲੋ ਗਾਲੀ ਤੇ ਹੱਥੋ ਪਾਈ ਆਮ ਹੁੰਦੇ ਰਹਿਦੇ ਸਨ ਇਥੋਂ ਤਕ ਕਿ ਪਰਕਰਮਾਂ ਦੇ ਬੁੰਗੇ ਦੁਰਾਚਾਰ ਤੇ ਵਿਭਚਾਰ ਦੇ ਅੱਡੇ ਬਣ ਗਏ ਸਨ। ਕੋਈ ਭਲਾਮਾਨਸ ਇਹਨਾਂ ਵਿਚ ਜਾ ਕੇ ਰਹਿਣਾ ਪਸੰਦ ਨਹੀਂ ਕਰਦਾ ਸੀ। ਦਸਤੂਰੁਲ ਅਮਲ ਅਨੁਸਾਰ ਗ੍ਰੰਥੀਆਂ, ਪੁਜਾਰੀਆਂ ਆਦਿ ਦੇ ਸਿਰ ਤੋਂ ਪੰਥ ਦਾ ਕੰਟਰੋਲ ਬਿਲਕੁਲ ਹੱਟ ਗਿਆ। ਧਰਮ ਦੀ ਸੇਵਾ ਨੂੰ ਜੱਦੀ ਹੱਕ ਬਨਾ ਦਿਤਾ ਗਿਆ ਅਤੇ ਪਦਵੀ ਵਾਸਤੇ ਯੋਗਤਾ ਦਾ ਕੋਈ ਮਾਪ ਡੰਡ ਨਹੀਂ ਨਿਸਚਤ ਕੀਤਾ ਗਿਆ ਸੀ ਜਿਸ ਕਾਰਨ ਪੁਜਾਰੀਆਂ ਗ੍ਰੰਥੀਆਂ, ਰਾਗੀਆਂ ਆਦਿ ਵਿਚ ਲਾਲਚ ਦਿਨੋ ਦਿਨ ਵਧਦਾ ਗਿਆ। ਇਹ ਸਭ ਪ੍ਰਬੰਧਕ ਇਖਲਾਕ ਤੋਂ ਡਿੱਗ ਕੇ ਈਰਖਾ ਦੀ ਅੱਗ ਵਿਚ ਸੜ੍ਹਦੇ ਹੋਏ ਗੁਰਧਾਮਾਂ ਦੀ ਨਿਰਾਦਰੀ ਕਰਦੇ ਹੋਏ ਆਪੋ ਆਪਣੇ ਸਵਾਰਥ ਲਈ ਗੁਰਮਰਿਯਾਦਾ ਦਾ ਬਿਲਕੁਲ ਹੀ ਤਿਆਗ ਕਰ ਬੈਠੇ ਜਿਸ ਦਾ ਸਿੱਟਾ ਇਹ ਹੋਇਆ ਕਿ ਗੁਰ ਸਿੱਖਾਂ ਨੂੰ ਜਿਹਨਾਂ ਨੂੰ ਸਰਕਾਰ ਪਸੰਦ ਨਹੀਂ ਕਰਦੀ ਸੀ ਉਹਨਾਂ ਵਿਰੁਧ ਸ੍ਰੀ ਅਕਾਲ ਤਖਤ ਸਾਹਿਬ ਤੋਂ ਫਤਵੇ ਜਾਰੀ ਹੋਣ ਲੱਗ ਪਏ ਤੇ ਸਰਕਾਰ ਦੇ ਇਸ਼ਾਰੇ ਤੇ ਸਰਕਾਰੀ ਵਿਅਕਤੀਆਂ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ਜਿਹਾ ਕਿ ਜਲਿਆ ਵਾਲਾ ਬਾਗ ਵਿਚ ਗੋਲੀ ਚਲਾਕੇ ਅਣਗਿਣਤ ਵਿਅਕਤੀਆਂ ਦੇ ਕ਼ਾਤਲ ਜਨਰਲ ਅਡਵਾਇਰ ਨੂੰ ਸਰੋਪੇ ਮਿਲਨ ਲਗ ਗਏ।

ਗੁਰਧਾਮਾਂ ਵਿਚ ਜਦ ਅਤਿ ਦਾ ਭ੍ਰਿਸ਼ਟਾਚਾਰ ਵੱਧ ਗਿਆ ਤੇ ਗ੍ਰੰਥੀਆਂ, ਪੁਜਾਰੀਆਂ, ਰਾਗੀਆਂ ਆਦਿ ਨੇ ਗੁਰਮਰਯਾਦਾ ਨੂੰ ਭੁਲਾਕੇ ਕੇਵਲ ਗੋਲਕ ਜਾਂ ਪੂਜਾ ਦੇ ਧਾਨ ਨੂੰ ਆਪਣਾ ਪੇਸ਼ਾ ਬਣਾ ਕੇ ਲੋਕਾਂ ਨਾਲ ਠੱਗਬਾਜ਼ੀਆਂ ਕਰਕੇ ਆਪਣੇ ਸਵਾਰਥ ਦੀ ਪੂਰਤੀ ਕਰਨੀ ਸ਼ੁਰੂ ਕਰ ਦਿਤੀ ਤਾਂ ਸਿੱਖ ਸੰਗਤਾਂ ਵਿਚ ਵਿਦਿਅਕ ਗਿਆਨ ਕਾਰਨ ਜਾਗਰਤੀ ਪੈਦਾ ਹੋਣੀ ਸ਼ੁਰੂ ਹੋ ਗਈ ਜਿਸ ਦੇ ਸਿੱਟੇ ਵਜੋਂ ਸਿੱਖ ਗੁਰਦੁਆਰਾ ਲਹਿਰ ਨੇ ਜਨਮ ਲਿਆ ਤੇ ਬੜੀਆਂ ਕੁਰਬਾਨੀਆਂ ਕਰਕੇ ਆਪਣੇ ਪਵਿਤਰ ਗੁਰਧਾਮਾਂ ਨੂੰ ਅਜ਼ਾਦ ਕਰਵਾਉਣ ਵਿਚ

ਸਿੱਖ ਸੰਗਤਾਂ ਸਫਲ ਹੋ ਗਈਆਂ। ਗੁਰਦੁਆਰਾ ਸੁਧਾਰ ਲਹਿਰ ਦਾ ਨਾਮ ਅਕਾਲੀ ਦੱਲ ਰਖਿਆ ਗਿਆ। ਸਿੱਖਾਂ ਦੀਆਂ ਕੁਰਬਾਨੀਆਂ ਜਿਹਨਾਂ ਦਾ ਵਰਨਣ ਗੁਰੂ ਕੇ ਬਾਗ ਦੇ ਮੋਰਚੇ, ਪੰਜਾ ਸਾਹਿਬ ਦੀ ਗੱਡੀ ਦਾ ਸਾਕਾ ਅਤੇ ਖਾਸ ਕਰਕੇ ਜੈਤੋ ਦਾ ਮੋਰਚਾ ਜਿਸ ਵਿਚ ਭਾਰਤ ਦੇ ਸਵਰਗਵਾਸੀ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਨੇ ਵੀ ਗਰਿਫਤਾਰੀ ਦਿਤੀ ਸੀ, ਆਮ ਮਿਲਦਾ ਹੈ ਜਿਸ ਨੇ ਇਕ ਵਾਰ ਫਿਰ ਸਿੱਖ ਦੁਸ਼ਮਨ ਤਾਕਤਾ ਨੂੰ ਇਹ ਸੋਚਣ ਤੇ ਮਜ਼ਬੂਰ ਕਰ ਦਿਤਾ ਕਿ ਉਹ ਕਿਹੜੀ ਸ਼ਕਤੀ ਹੈ ਜਿਸ ਕਾਰਨ ਸਿੱਖ ਇਤਨੀਆਂ ਮਹਾਨ ਕੁਰਬਾਨੀਆਂ ਹਾਲੀ ਵੀ ਕਰ ਸਕਦੀਆਂ ਹਨ? ਗੁਰਦੁਆਰਾ ਦਸਤੂਰ-ਉਲ-ਅਮਲ ਰਾਹੀਂ ਸਿੱਖ ਧਾਰਮਿਕ ਲੀਡਰਸ਼ਿਪ ਭਾਵੇ ਪੂਜਾ ਦੇ ਧਾਨ ਦੇ ਭ੍ਰਿਸ਼ਟ ਕਰ ਦਿਤੀ ਸੀ ਪਰ ਆਮ ਸਿੱਖ ਇਸਤੋਂ ਦੂਰ ਹੋਣ ਕਰਕੇ ਕੁਰਬਾਨੀ ਕਰਨ ਦੇ ਯੋਗ ਸੀ। ਜਿਸਨੂੰ ਖ਼ਤਮ ਕਰਨ ਵਾਸਤੇ ਕੁਝ ਹੋਰ ਕਰਨ ਦੀ ਲੋੜ ਸੀ। ਇਸ ਲੋੜ ਨੂੰ ਗੁਰਦੁਆਰਾ ਐਕਟ ੧੯੨੫ ਰਾਹੀਂ ਪੂਰਾ ਕਰ ਦਿਤਾ ਗਿਆ। ਕਿਉਂਕਿ ਇਸ ਨਾਲ ਸ਼੍ਰੋਮਣੀ ਪ੍ਰਬੰਧਕ ਕਮੇਟੀ ਦੇ ਮੈਂਬਰ ਵੋਟਾ ਰਾਹੀਂ ਚੁਣੇ ਆ ਰਹੇ ਹਨ। ਜਦਕਿ ਸਿੱਖ ਸਿਧਾਂਤ ਬਹੁਮਤ ਦੀ ਥਾਂ ਤੇ ਸਰਵਸੰਮਤੀ ਨੂੰ ਸਵੀਕਾਰ ਕਰਦਾ ਹੈ। ਸਰਵਸੰਮਤੀ ਨਾਲ ਯੋਗਤਾ ਪ੍ਰਧਾਨ ਲੀਡਰਸ਼ਿਪ ਪੈਦਾ ਹੋਂਦੀ ਹੈ। ਜਦਕਿ ਬਹੁਮਤ ਕਾਰਨ ਧੜੇਬੰਦੀ ਪੈਦਾ ਹੋ ਕੇ ਝਗੜੇ ਉਤਪੰਨ ਹੁੰਦੇ ਹਨ। ਯੋਗਤਾ ਪ੍ਰਧਾਨ ਲੀਡਰਸ਼ਿਪ ਦੀ ਨੀਂਹ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਸਾਹਿਬ ਜੀ ਨੇ ਹੀ ਭਾਈ ਲਹਿਣਾ ਜੀ ਤੋਂ ਗੁਰੂ ਅੰਗਦ ਸਾਹਿਬ ਬਣਾ ਕੇ ਰਖ ਦਿਤੀ ਸੀ। ਜਿਸਦੀ ਪੂਰਤੀ ਸਭ ਗੁਰੂ ਸਾਹਿਬ ਜੀ ਨੇ ਕੀਤੀ। ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਗੁਰੂ ਗੱਦੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਦੇ ਕੇ ਸਿੱਖਾਂ ਦਾ ਸੰਬੰਧ ਸ਼ਬਦ ਗੁਰੂ ਨਾਲ ਹਮੇਸ਼ਾ ਲਈ ਸਥਾਪਤ ਕਰ ਦਿਤਾ। ਪਰ ਬਾਬਾ ਬੰਦਾ ਸਿੰਘ ਬਹਾਦਰ ਨੂੰ ਪੰਜ ਪਿਆਰਿਆਂ ਸਮੇਤ ਸਿੱਖਾਂ ਦੀ ਅਗਵਾਈ ਕਰਨ ਵਾਸਤੇ ਉਤਰ-ਪਛਮੀ ਭਾਰਤ ਵਲ ਤੋਰ ਦਿਤਾ ਸੀ। ਬਾਬਾ ਬੰਦਾ ਸਿਘ ਬਹਾਦਰ ਦੀ ਚੋਣ ਵੋਟਾ ਪਾ ਕੇ ਨਹੀਂ ਕੀਤੀ ਗਈ ਸੀ ਸਗੋਂ ਉਸਦੀ ਯੋਗਤਾ ਦਾ

ਧਿਆਨ ਰਖਕੇ ਉਸਨੂੰ ਚੁਣਿਆ ਗਿਆ ਸੀ। ਇਸੇ ਤਰ੍ਹਾਂ ਜਿਹੜੇ ਪੰਜ ਪਿਆਰੇ ਉਸ ਨਾਲ ਘਲੇ ਸਨ ਉਹ ਵੀ ਯੋਗਤਾ ਦੇ ਅਧਾਰ ਤੇ ਚੁਣੇ ਗਏ ਸੀ। ਇਸਤੋਂ ਉਪਰੰਤ ਨਵਾਬ ਕਪੂਰ ਸਿੰਘ ਜੀ ਚੋਣ ਤੇ ਉਸ ਪਿਛੋਂ ਸ. ਜਸਾ ਸਿੰਘ ਆਹਲੂਵਾਲੀਆਂ ਦੀ ਚੋਣ ਪਰਨਾਲੀ ਨਾਲ ਨਹੀਂ ਹੋਈ ਸੀ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਅਕਾਲ ਤਖ਼ਤ ਸਾਹਿਬ ਜੀ ਦੇ ਜੱਥੇਦਾਰ ਅਕਾਲੀ ਫੂਲਾ ਸਿੰਘ ਜੀ ਸਨ ਜਿਹਨਾਂ ਦੀ ਚੋਣ ਵੀ ਯੋਗਤਾ ਦੇ ਅਧਾਰ ਤੇ ਹੀ ਕੀਤੀ ਗਈ ਸੀ। ਜਦ ਤਕ ਸਿੱਖ ਗੁਰਧਾਮਾਂ ਦਾ ਪਰਬੰਧ ਯੋਗਤਾ ਨੂੰ ਅਧਾਰ ਬਣਾਕੇ ਸਰਬਸੰਮਤੀ ਨਾਲ ਨਹੀਂ ਕੀਤੀ ਜਾਂਦਾ ਤੇ ਗੁਰਧਾਮਾਂ ਦੀ ਸੇਵਾ ਕਰ ਰਹੇ ਸੇਵਾਦਾਰਾਂ ਨੂੰ ਭਾਵੇਂ ਉਹ ਗ੍ਰੰਥੀ ਹਨ ਯਾ ਰਾਗੀ, ਢਾਡੀ, ਪਰਚਾਰਕ ਆਦਿ ਹਨ: ਨੂੰ ਪੂਜਾ ਦੇ ਧਾਨ ਦੀ ਥਾਂ ਤੇ ਦਸਾਂ ਨੌਹਾਂ ਦੀ ਕਿਰਤ ਤੇ ਨਹੀਂ ਲਗਾਇਆ ਜਾਂਦਾ ਸਾਡੇ ਗੁਰਧਾਮਾਂ ਵਿਚੋਂ ਕੁਰੀਤੀਆਂ ਦਾ ਨਿਕਲਨਾ ਅਸੰਭਵ ਹੁੰਦਾ ਜਾਂਦਾ ਰਵੇਗਾ ਜਦ ਕਿ ਅੰਧੇ ਆਗੂਆਂ ਦੇ ਹੱਥ ਕੌਮ ਦੀ ਵਾਗ ਡੋਰ ਰਵੇਗੀ ਤਾਂ ਸਾਡਾ ਕੀ ਹਸ਼ਰ ਹੋਵੇਗਾ? ਇਸ ਬਾਰੇ ਮਹਾਰਾਜ ਫੁਰਮਾਉਂਦੇ ਹਨ ਕਿ

*ਅੰਧਾ ਆਗੂ ਜੇ ਥੀਐ ਕਿਉ ਪਾਧਰੁ ਜਾਣੈ।।*
*ਆਪਿ ਮੁਸੈ ਮਤਿ ਹੋਛੀਐ ਕਿਉ ਰਾਹੁ ਪਛਾਣੈ।।*
*ਕਿਉ ਰਾਹਿ ਜਾਵੈ ਮਹਲੁ ਪਾਵੈ ਅੰਧ ਕੀ ਮਤਿ ਅੰਧਲੀ।।*
*ਵਿਣ ਨਾਮ ਹਰਿ ਕੇ ਕਛੁ ਨਾ ਸੂਝੈ ਅੰਧੁ ਬੂਡੌ ਧੰਧਲੀ।*

*(ਗੁਰੂ ਗ੍ਰੰਥ ਸਾਹਿਬ ਪੰਨਾ ੭੬੭)*

ਗੁਰੂ ਅਤੇ ਗੁਰਸਿੱਖੀ ਨਾਲ ਪਿਆਰ, ਸਰਧਾ, ਭਰੋਸਾ ਅਤੇ ਸਿਦਕ ਰਖਣ ਵਾਲਾ ਹਰ ਗੁਰਸਿੱਖ ਚਿੰਤਾਤੁਰ ਹੈ ਕਿ ਸਿੱਖੀ ਵਿਚ ਹਰ ਸਾਲ ਨਿਘਾਰ ਵੱਧਦਾ ਹੀ ਜਾ ਰਿਹਾ ਹੈ ਕਿਉਂਕਿ ਸਾਡੇ ਆਗੂ ਇਸਤਰ੍ਹਾਂ ਆ ਤੇ ਜਾ ਰਹੇ ਹਨ ਜਿਸ ਬਾਰੇ ਗੁਰੂ ਨਾਨਕ ਸਾਹਿਬ ਪਹਿਲਾਂ ਹੀ ਫੁਰਮਾ ਗਏ ਹਨ ਕਿ

*ਜਿਉ ਜੋਰੂ ਸਿਰ ਨਾਵਣੀ ਆਵੈ ਵਾਰੋ ਵਾਰ।।*
*ਜੂਠੇ ਜੂਠਾ ਮੁਖਿ ਵਸੈ ਨਿਤ ਨਿਤ ਹੋਇ ਖੁਆਰੁ।।*

*(ਆਸਾ ਕੀ ਵਾਰ)*


ਸ਼ਾਇਦ ਇਹੀ ਕਾਰਨ ਹੈ ਕਿ ਸਾਡੀ ਦਸ਼ਾ ਅਜ ਕਲੁ ਦੇ ਅਧੀਨ ਹੁੰਦੀ ਹੋਈ ਇਸ ਹੱਦ ਤਕ ਪੁਜ ਗਈ ਹੈ ਕਿ

ਨਾਉ ਫਕੀਰੈ ਪਾਤਿਸਾਹੁ, ਮੂਰਖ ਪੰਡਿਤੁ ਨਾਉ॥
ਅੰਧੇ ਕਾ ਨਾਉ ਪਾਰਖੂ, ਏਵੈ ਕਰੇ ਗੁਆਉ॥
ਇਲਤਿ ਕਾ ਨਾਉ ਚਉਧਰੀ, ਕੂੜੀ ਪੂਰੇ ਥਾਉ॥
ਨਾਨਕ ਗੁਰਮੁਖਿ ਜਾਣੀਐ ਕਲਿ ਕਾ ਏਹੁ ਨਿਆਉ॥

(ਗੁਰੂ ਗ੍ਰੰਥ ਸਾਹਿਬ ਪੰਨਾ ੧੨੮੮)

☆☆☆

Designed & Printed By : SUNDER PRINTERS. Ph. : 3672725, 3528478



ਬਾਬਾ ਵਿਰਸਾ ਸਿੰਘ ਜੀ